# ਬਜਟ 2021

## ਇੱਕ ਵਧੇਰੇ ਮਜ਼ਬੂਤ ਬੀ ਸੀ
## ਹਰ ਕਿਸੇ ਲਈ








**ਇੱਕ ਬਿਹਤਰ ਕੱਲ੍ਹ ਲਈ ਅੱਜ ਦਾ ਨਿਰਮਾਣ**

BRITISH COLUMBIA



ਪਿਛਲੇ ਸਾਲ, ਅਸੀਂ ਬਜਟ 2020 ਪੇਸ਼ ਕੀਤਾ ਸੀ, ਜਿਸ ਵਿੱਚ ਸਾਡੇ ਵਿਕਸਤ ਹੋ ਰਹੇ ਸੂਬੇ ਨੂੰ ਸਥਿਰ ਰੱਖਣ ਲਈ ਇਤਿਹਾਸਕ ਪੂੰਜੀਗਤ ਨਿਵੇਸ਼ ਸ਼ਾਮਲ ਸਨ। ਉਸ ਤੋਂ ਬਾਦ ਦੇ ਦਿਨਾਂ ਵਿੱਚ, ਦੁਨੀਆ ਉਥਲ ਪੁਥਲ ਹੋ ਗਈ।

ਆਰੰਭ ਤੋਂ ਹੀ, ਕੋਵਿਡ-19 ਨੇ ਸਾਡੇ ਸਾਹਮਣੇ ਉਹ ਚੁਣੌਤੀਆਂ ਪੇਸ਼ ਕੀਤੀਆਂ ਹਨ, ਜਿਨ੍ਹਾਂ ਬਾਰੇ ਅਸੀਂ ਸੋਚ ਵੀ ਨਹੀਂ ਸੀ ਸਕਦੇ। ਮੈਂ ਉਨ੍ਹਾਂ ਬ੍ਰਿਟਿਸ਼ ਕੋਲੰਬੀਆ ਨਿਵਾਸੀਆਂ ਦੇ ਦੁੱਖ ਨੂੰ ਸਮਝਦੀ ਹਾਂ ਜਿਨ੍ਹਾਂ ਨੇ ਇਸ ਵਾਇਰਸ ਦੇ ਕਾਰਣ ਕਿਸੇ ਆਪਣੇ ਨੂੰ ਗਵਾਇਆ ਹੈ ਅਤੇ ਉਸ ਦੁੱਖ ਵਿੱਚ ਸ਼ਾਮਲ ਹਾਂ। ਹਾਲਾਂਕਿ ਕਿਸੇ ਨੂੰ ਇਹ ਅੰਦਾਜ਼ਾ ਨਹੀਂ ਸੀ ਕਿ ਇਹ ਮਹਾਮਾਰੀ ਕੀ ਰੁਖ਼ ਅਪਣਾਏਗੀ, ਪਰ ਬੀ ਸੀ ਦੀ ਮਜ਼ਬੂਤ ਮਾਲੀ ਬੁਨਿਆਦ ਦਾ ਇਹ ਅਰਥ ਨਿਕਲਿਆ ਕਿ ਇਸ ਸੰਕਟ ਦਾ ਸਾਹਮਣਾ ਕਰਨ ਲਈ ਸਾਡੀ ਤਿਆਰੀ ਵਧੀਆ ਰਹੀ।

ਸਾਨੂੰ ਪਤਾ ਹੈ ਕਿ ਅਜਿਹੇ ਬਹੁਤ ਸਾਰੇ ਲੋਕ ਅਤੇ ਕਾਰੋਬਾਰ ਹਨ, ਜੋ ਇਸ ਮਹਾਮਾਰੀ ਤੋਂ ਅਸੰਗਤ ਢੰਗ ਨਾਲ ਪ੍ਰਭਾਵਤ ਹੋਏ ਹਨ-ਜਿਸ ਵਿੱਚ ਔਰਤਾਂ, ਨੌਜੁਆਨ ਲੋਕ, ਮੂਲਵਾਸੀ ਭਾਈਚਾਰੇ, ਪ੍ਰਾਹੁਣਚਾਰੀ ਅਤੇ ਸੈਰ-ਸਪਾਟਾ ਖੇਤਰ ਸ਼ਾਮਲ ਹਨ।

ਪਿਛਲੇ ਕੁਝ ਮਹੀਨਿਆਂ ਦੀਆਂ ਚੁਣੌਤੀਆਂ, ਭਾਵੇਂ ਉਹ ਵੈਕਸੀਨ ਦੀ ਸਪਲਾਈ ਵਿੱਚ ਹੋਣ ਵਾਲੀ ਦੇਰ ਹੋਵੇ, ਜਾਂ ਨਵੇਂ ਵੇਰੀਐਂਟਾਂ ਦਾ ਖ਼ਤਰਾ, ਤੋਂ ਇਹ ਸਪਸ਼ਟ ਹੋ ਗਿਆ ਹੈ ਕਿ ਕੋਵਿਡ-19 ਵਿਰੁੱਧ ਜੰਗ ਖ਼ਤਮ ਨਹੀਂ ਹੋਈ-ਪਰ ਦਿਸਹੱਦੇ 'ਤੇ ਉਮੀਦ ਦਿਖਾਈ ਦਿੰਦੀ ਹੈ।

ਬਜਟ 2021 ਬਾਕੀ ਦੀ ਮਹਾਮਾਰੀ ਦੌਰਾਨ ਲੋਕਾਂ ਨੂੰ ਸਰੱਖਿਅਤ ਰੱਖਣ ਦੇ ਨਾਲ ਨਾਲ ਆਰਥਕ ਮੁੜ-ਬਹਾਲੀ ਅਤੇ ਆਉਣ ਵਾਲੇ ਬਿਹਤਰ ਦਿਨਾਂ ਦਰਮਿਆਨ ਪੁਲ ਉਸਾਰਨ ਵਿੱਚ ਮਦਦ ਕਰੇਗਾ।

ਉਨ੍ਹਾਂ ਜਨਤਕ ਸੇਵਾਵਾਂ ਨੂੰ ਸੁਰੱਖਿਅਤ ਰੱਖ ਕੇ ਜਿਨ੍ਹਾਂ 'ਤੇ ਲੋਕ ਭਰੋਸਾ ਕਰਦੇ ਹਨ, ਅਸੀਂ ਲੋਕਾਂ ਨੂੰ ਪਹਿਲ ਦੇਣਾ ਜਾਰੀ ਰੱਖਾਂਗੇ।

ਬਜਟ 2021 ਨਾਲ ਫ਼ੌਰੀ ਚੁਣੌਤੀਆਂ ਦਾ ਸਮਾਧਾਨ ਹੋਵੇਗਾ ਅਤੇ ਸਿਹਤ ਅਤੇ ਮਾਨਸਕ ਸਿਹਤ ਸੇਵਾਵਾਂ ਵਿੱਚ ਨਵੇਂ ਨਿਵੇਸ਼ਾਂ, ਕਾਰੋਬਾਰਾਂ ਲਈ ਸਹਾਇਤਾ, ਖ਼੍ਰੀਦ-ਪਹੁੰਚ ਯੋਗ ਆਵਾਸ ਅਤੇ ਬਾਲ-ਸੰਭਾਲ, ਪਰਿਵਾਰਾਂ ਲਈ ਖ਼੍ਰੀਦ-ਪਹੁੰਚ ਯੋਗਤਾ ਦੇ ਉਪਾਵਾਂ, ਅਤੇ ਰਿਕਾਰਡ ਪੱਧਰ 'ਤੇ ਰੁਜ਼ਗਾਰ ਉਤਪਤੀ ਲਈ ਭਾਈਚਾਰਕ ਬੁਨਿਆਦੀ ਢਾਂਚੇ ਰਾਹੀਂ ਇੱਕ ਮਜ਼ਬੂਤ ਆਰਥਕ ਮੁੜ-ਬਹਾਲੀ ਦਾ ਨਿਰਮਾਣ ਹੋਵੇਗਾ।

ਬਜਟ 2021 ਵਿੱਚ ਵਿਕਾਸ ਦੇ ਸਤਰਕ ਅੰਦਾਜ਼ੇ ਅਤੇ ਅਹਿਮ ਮਾਲੀ ਸੂਝ-ਬੂਝ ਦੀ ਸਾਡੀ ਪਰੰਪਰਾ ਬਰਕਰਾਰ ਰੱਖੀ ਗਈ ਹੈ।

ਬੀ ਸੀ ਦੀ ਆਰਥਕ ਮੁੜ-ਬਹਾਲੀ ਰਾਤੋ ਰਾਤ ਨਹੀਂ ਹੋ ਸਕਦੀ, ਪਰ ਉਨ੍ਹਾਂ ਚੀਜ਼ਾਂ 'ਤੇ ਧਿਆਨ ਕੇਂਦ੍ਰਿਤ ਕਰਨ ਨਾਲ ਜਿਨ੍ਹਾਂ ਦੀ ਲੋਕਾਂ ਲਈ ਸਭ ਤੋਂ ਵੱਧ ਮਹੱਤਤਾ ਹੈ, ਅਸੀਂ ਮਿਲ ਜੁਲ ਕੇ ਇੱਕ ਵਧੀਆ ਭਵਿੱਖ ਦਾ ਨਿਰਮਾਣ ਕਰਾਂਗੇ।

ਮਾਣਯੋਗ ਸੈਲੀਨਾ ਰੌਬਿਨਸਨ
ਵਿੱਤ ਮੰਤਰੀ

# ਭਵਿੱਖ ਵੱਲ ਜਾਣ ਲਈ ਲੋਕਾਂ ਅਤੇ ਪਰਿਵਾਰਾਂ ਦੀ ਸਹਾਇਤਾ

**ਇਸ ਮਹਾਮਾਰੀ ਦੇ ਦੌਰਾਨ, ਬਹੁਤ ਸਾਰੇ ਲੋਕਾਂ ਅਤੇ ਪਰਿਵਾਰਾਂ ਨੇ ਅਚਾਨਕ ਨੌਕਰੀਆਂ ਗਵਾਉਣ ਦੇ ਦਬਾਅ ਦਾ ਅਨੁਭਵ ਕੀਤਾ ਹੈ ਅਤੇ ਹਰ ਕੋਈ ਇੱਕੋ ਢੰਗ ਨਾਲ ਪ੍ਰਭਾਵਤ ਨਹੀਂ ਹੋਇਆ।**

ਬਜਟ 2021 ਵਿੱਚ ਬਾਲ-ਸੰਭਾਲ ਵਿੱਚ ਸੁਧਾਰ ਕਰ ਕੇ, ਜੀਵਨ ਨੂੰ ਵਧੇਰੇ ਖ਼ਰੀਦ-ਪਹੁੰਚ ਯੋਗ ਬਣਾ ਕੇ, ਗ਼ਰੀਬੀ ਨੂੰ ਘੱਟ ਕਰ ਕੇ, ਮੇਲ-ਮਿਲਾਪ ਵਧਾ ਕੇ ਅਤੇ ਉਨ੍ਹਾਂ ਸੇਵਾਵਾਂ ਵਿੱਚ ਨਿਵੇਸ਼ ਕਰ ਕੇ ਜਿਨ੍ਹਾਂ 'ਤੇ ਲੋਕ ਭਰੋਸਾ ਕਰਦੇ ਹਨ,ਲੋਕਾਂ ਦੀ ਮਦਦ ਲਈ ਨਵੇਂ ਨਿਵੇਸ਼ ਸ਼ਾਮਲ ਹਨ।

## ਬੀ ਸੀ ਰਿਕਵਰੀ ਬੈਨੀਫ਼ਿਟ

ਬੀ ਸੀ ਰਿਕਵਰੀ ਬੈਨੀਫ਼ਿਟ ਰਾਹੀਂ 2.5 ਮਿਲੀਅਨ ਬ੍ਰਿਟਿਸ਼ ਕੋਲੰਬੀਆ ਨਿਵਾਸੀਆਂ ਨੂੰ ਮਦਦ ਮਿਲਣ ਦੇ ਨਾਲ ਨਾਲ ਸਥਾਨਕ ਆਰਥਕਤਾਵਾਂ ਵਿੱਚ ਵੀ ਉਭਾਰ ਆਇਆ ਹੈ। ਇਸ ਬੈਨੀਫ਼ਿਟ ਰਾਹੀਂ ਯੋਗ ਪਰਿਵਾਰਾਂ ਅਤੇ ਇਕੱਲੇ ਮਾਪਿਆਂ ਨੂੰ $1,000 ਤੱਕ, ਅਤੇ ਯੋਗ ਵਿਅਕਤੀਆਂ ਨੂੰ $500 ਤੱਕ ਪ੍ਰਦਾਨ ਕੀਤੇ ਜਾਂਦੇ ਹਨ। ਬਜਟ 2021 ਵਿੱਚ ਬੀ ਸੀ ਰਿਕਵਰੀ ਬੈਨੀਫ਼ਿਟ ਲਈ ਮਾਲੀ ਮਦਦ ਦੇਣਾ ਜਾਰੀ ਰੱਖਿਆ ਗਿਆ ਹੈ। ਲੋਕ ਜੂਨ 30, 2021 ਤੱਕ ਅਰਜ਼ੀ ਦੇ ਸਕਦੇ ਹਨ।

## ਖ਼ਰੀਦ-ਪਹੁੰਚ ਯੋਗ, ਸਮਾਵੇਸ਼ੀ ਬਾਲ-ਸੰਭਾਲ


ਪਿਛਲੇ ਚਾਰ ਸਾਲਾਂ ਦੌਰਾਨ ਇਤਿਹਾਸਕ ਨਿਵੇਸ਼ਾਂ ਰਾਹੀਂ ਬੀ ਸੀ ਦੇ 35,000 ਤੋਂ ਵੱਧ ਪਰਿਵਾਰਾਂ ਦੀ ਹੁਣ ਸਸਤੀ ਬਾਲ-ਸੰਭਾਲ ਤੱਕ ਪਹੁੰਚ ਹੋ ਗਈ ਹੈ।

ਅਸੀਂ ਹਰ ਸਾਲ ਹਜ਼ਾਰਾਂ ਹੀ ਨਵੀਆਂ ਥਾਂਵਾਂ ਬਣਾਉਣਾ ਜਾਰੀ ਰੱਖਾਂਗੇ, ਅਤੇ ਸੀਮਲੈੱਸ ਡੇਅ ਪਾਇਲਟ ਪ੍ਰੋਗਰਾਮ ਦਾ ਦਾਇਰਾ ਵਧਾਉਣ ਨਾਲ ਹੋਰ ਜ਼ਿਆਦਾ ਪਰਿਵਾਰਾਂ ਦੀ ਸਕੂਲਾਂ ਦੇ ਅਹਾਤਿਆਂ ਦੇ ਅੰਦਰ ਹੀ ਬਾਲ-ਸੰਭਾਲ ਤੱਕ ਪਹੁੰਚ ਹੋ ਜਾਏਗੀ।

ਅਰਲੀ ਚਾਈਲਡਹੁਡ ਐਜੂਕੇਟਰਾਂ ਦੀ ਮੌਜੂਦਾ ਉਜਰਤ ਵਿੱਚ ਹੋਣ ਵਾਲਾ ਵਾਧਾ ਦੁੱਗਣਾ ਕਰ ਕੇ $4 ਤੱਕ ਕੀਤਾ ਜਾਵੇਗਾ, ਜਿਸ ਨਾਲ ਲਗਭਗ 11,000 ਅਰਲੀ ਚਾਈਲਡਹੁਡ ਐਜੂਕੇਟਰਾਂ ਨੂੰ ਲਾਭ ਹੋਵੇਗਾ।

2,000 ਹੋਰ ਜ਼ਿਆਦਾ ਪਰਿਵਾਰਾਂ ਦੀ ਅਜਿਹੇ ਪ੍ਰੋਗਰਾਮਾਂ ਤੱਕ ਪਹੁੰਚ ਹੋ ਜਾਏਗੀ ਜਿਸ ਨਾਲ ਸਹਾਇਤਾ ਦੀ ਲੋੜ ਵਾਲੇ ਬੱਚਿਆਂ ਦੀ ਰੋਜ਼ਾਨਾ ਗਤੀਵਿਧੀਆਂ ਵਿੱਚ ਸ਼ਮੂਲੀਅਤ ਬਿਹਤਰ ਹੋ ਜਾਏਗੀ।

$20 ਮਿਲੀਅਨ ਨਾਲ ਬਾਲ-ਸੰਭਾਲ ਪ੍ਰਦਾਕਰਤਾਵਾਂ ਨੂੰ ਵਧੇਰੇ ਸਿਹਤ ਅਤੇ ਸੁਰੱਖਿਆ ਗ੍ਰਾਂਟਾਂ ਦੇਣ ਲਈ ਮਦਦ ਮਿਲੇਗੀ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਾਫ਼-ਸਫ਼ਾਈ ਲਈ ਵਸਤਾਂ ਦੀ ਵਧੇਰੇ ਸਪਲਾਈ, ਨਿਜੀ ਸੁਰੱਖਿਆ ਉਪਕਰਣ ਜਾਂ ਸਥਾਨ ਦੀ ਹਾਲਤ ਸੁਧਾਰਨ ਨਾਲ ਕੇਂਦਰ ਸੁਰੱਖਿਅਤ ਰਹਿ ਸਕਣ।



ਬਜਟ 2021 ਰਾਹੀਂ $10 ਪ੍ਰਤੀ ਦਿਨ ਵਾਲੀਆਂ ਬਾਲ-ਸੰਭਾਲ ਥਾਂਵਾਂ ਦੀ ਗਿਣਤੀ ਦੁੱਗਣੀ ਤੋਂ ਵੱਧ ਕੀਤੀ ਜਾਏਗੀ, ਜਿਸ ਦਾ ਮਤਲਬ ਹੈ 75 ਹੋਰ ਬਾਲ-ਸੰਭਾਲ ਕੇਂਦਰ ਅਤੇ ਹਜ਼ਾਰਾਂ ਹੀ ਪਰਿਵਾਰ, ਜੋ ਇਨ੍ਹਾਂ 'ਤੇ ਨਿਰਭਰ ਹਨ, ਇਸ ਪ੍ਰੋਗਰਾਮ ਤੋਂ ਲਾਭ ਉਠਾਉਣਗੇ।

## ਬੀ ਸੀ ਦੇ ਬੱਚਿਆਂ ਲਈ ਮੁਫ਼ਤ ਜਨਤਕ ਆਵਾਜਾਈ

340,000 ਤੋਂ ਵੱਧ ਬੱਚੇ, ਜੋ 12 ਸਾਲ ਜਾਂ ਉਸ ਤੋਂ ਘੱਟ ਹਨ, ਇਸ ਸਤੰਬਰ ਵਿੱਚ ਕਲਾਸਾਂ ਸ਼ੁਰੂ ਹੋਣ ਸਮੇਂ ਜਨਤਕ ਆਵਾਜਾਈ ਰਾਹੀਂ ਮੁਫ਼ਤ ਯਾਤਰਾ ਕਰ ਸਕਣਗੇ।

**ਟ੍ਰਾਂਸਲਿੰਕ ਇਲਾਕੇ ਵਿੱਚ ਰਹਿ ਰਹੇ ਪਰਿਵਾਰ ਹਰ ਬੱਚੇ ਪਿੱਛੇ $672 ਪ੍ਰਤੀ ਸਾਲ ਤੱਕ ਬਚਾ ਸਕਣਗੇ, ਜਦ ਕਿ ਬੀ ਸੀ ਟ੍ਰਾਂਜ਼ਿਟ ਭਾਈਚਾਰਿਆਂ ਵਿੱਚ ਰਹਿ ਰਹੇ ਪਰਿਵਾਰ $400 ਪ੍ਰਤੀ ਸਾਲ ਤੱਕ ਬਚਾ ਸਕਣਗੇ।**

## ਚਾਈਲਡ ਅਪਰਚਿਉਨਿਟੀ ਬੈਨੀਫ਼ਿਟ

ਅਕਤੂਬਰ 2020 ਤੋਂ ਪ੍ਰਭਾਵੀ, ਲਗਭਗ 300,000 ਪਰਿਵਾਰਾਂ ਨੂੰ ਚਾਈਲਡ ਅਪਰਚਿਉਨਿਟੀ ਬੈਨੀਫ਼ਿਟ ਮਿਲਣਾ ਸ਼ੁਰੂ ਹੋਇਆ ਸੀ, ਜੋ ਬੱਚੇ ਦੇ 18 ਸਾਲ ਦਾ ਹੋ ਜਾਣ ਤੱਕ ਜਾਰੀ ਰਹੇਗਾ। ਇੱਕ ਬੱਚੇ ਵਾਲੇ ਪਰਿਵਾਰਾਂ ਨੂੰ ਇਸ ਸਾਲ $1,600 ਤੱਕ, ਦੋ ਬੱਚਿਆਂ ਵਾਲੇ ਨੂੰ $2,600 ਤੱਕ, ਅਤੇ ਤਿੰਨ ਬੱਚਿਆਂ ਵਾਲੇ ਨੂੰ $3,400 ਤੱਕ ਮਿਲਣਗੇ।

## ਯੁਵਕਾਂ ਲਈ ਨਵੇਂ ਸਿਖਲਾਈ ਅਤੇ ਰੁਜ਼ਗਾਰ ਅਵਸਰਾਂ ਵਿੱਚ ਨਿਵੇਸ਼

- ਪੋਸਟ-ਸੈਕੰਡਰੀ ਸਿੱਖਿਆ ਵਿੱਚ ਮਦਦ ਲਈ ਨਵੀਂ ਮਾਲੀ ਮਦਦ, ਜਿਸ ਵਿੱਚ ਸਿਹਤ-ਸੰਭਾਲ ਖੇਤਰ ਵਿੱਚ ਸਿਖਲਾਈ ਸਮਰੱਥਾ ਪੈਦਾ ਕਰਨ ਲਈ ਨਵੀਆਂ ਥਾਂਵਾਂ ਸ਼ਾਮਲ ਹਨ।
- ਸਟਰੌਂਗਰ ਬੀ ਸੀ ਆਰਥਕ ਮੁੜ-ਬਹਾਲੀ ਯੋਜਨਾ ਰਾਹੀਂ ਆਰੰਭ ਕੀਤੀ ਸਿਖਲਾਈ ਨੂੰ ਜਾਰੀ ਰੱਖਣ ਲਈ $32 ਮਿਲੀਅਨ, ਜਿਸ ਵਿੱਚ ਸ਼ਾਮਲ ਹੈ:
  - ਹੁਨਰ ਸਿਖਲਾਈ ਤੱਕ ਪਹੁੰਚ ਦਾ ਦਾਇਰਾ ਵਧਾਉਣ ਲਈ ਮੂਲਵਾਸੀ ਭਾਈਚਾਰਿਆਂ ਅਤੇ ਸੰਸਥਾਵਾਂ ਨਾਲ ਭਾਈਵਾਲੀ ਕਰਨ ਲਈ $17 ਮਿਲੀਅਨ।
  - ਪੇਸ਼ਿਆਂ ਨੂੰ ਕਾਇਮ ਰੱਖਣ ਅਤੇ ਨਵੇਂ ਪੇਸ਼ੇ ਅਪਨਾਉਣ ਦੇ ਇੱਛਕ ਲੋਕਾਂ ਲਈ ਮਾਈਕ੍ਰੋ-ਕ੍ਰਿਡੈਂਸ਼ੀਅਲ ਸਿਖਲਾਈ ਦਾ ਦਾਇਰਾ ਵਧਾਉਣ ਲਈ $5 ਮਿਲੀਅਨ।
  - ਕਾਰਜ-ਸੰਯੁਕਤ ਸਿੱਖਿਆ ਅਵਸਰਾਂ ਅਤੇ ਅਲਪ-ਕਾਲਿਕ ਹੁਨਰ ਸਿਖਲਾਈ ਲਈ $10 ਮਿਲੀਅਨ।
- ਯੁਵਕ ਰੁਜ਼ਗਾਰ ਪਹਿਲਕਦਮੀਆਂ ਲਈ $45 ਮਿਲੀਅਨ, ਜਿਸ ਨਾਲ ਸਟਰੌਂਗਰ ਬੀ ਸੀ ਆਰਥਕ ਮੁੜ-ਬਹਾਲੀ ਯੋਜਨਾ ਰਾਹੀਂ ਨਿਵੇਸ਼ਾਂ ਨਾਲ ਮਿਲਾ ਕੇ 5,000 ਨੌਕਰੀਆਂ ਪੈਦਾ ਕਰਨਾ।

## ਬੀ ਸੀ ਦੇ ਯੁਵਕਾਂ ਨੂੰ ਸਿੱਖਿਆ ਨਿਵੇਸ਼ਾਂ ਰਾਹੀਂ ਸਹਾਰਾ

ਵਿਦਿਆਰਥੀਆਂ ਦੀ ਸਹਾਇਤਾ ਲਈ ਮਾਲੀ ਮਦਦ ਦੇਣ ਲਈ ਵੱਡੇ ਨਿਵੇਸ਼ ਕੀਤੇ ਜਾ ਰਹੇ ਹਨ। ਇਸ ਸਾਲ, ਮਾਲੀ ਮਦਦ ਵਿੱਚ ਨਿਰੰਤਰ ਵਾਧਿਆਂ ਤੋਂ ਇਲਾਵਾ, ਅਸੀਂ ਸਕੂਲਾਂ ਵਿੱਚ ਮਾਨਸਕ ਸਿਹਤ ਸਹਾਇਤਾ ਵਿੱਚ ਸੁਧਾਰ ਕਰਨ ਲਈ, ਅਤੇ ਨਸਲਵਾਦ ਅਤੇ ਮੇਲ-ਮਿਲਾਪ ਦੇ ਸਮਾਧਾਨ ਲਈ ਨਿਵੇਸ਼ ਕਰ ਰਹੇ ਹਾਂ, ਤਾਂ ਕਿ ਅਗਲੀ ਪੀੜ੍ਹੀ ਉਸ ਸਹਾਇਤਾ ਨਾਲ ਵਿਕਾਸ ਕਰ ਸਕੇ ਜਿਸ ਦੀ ਉਨ੍ਹਾਂ ਨੂੰ ਵਧਣ ਫੁੱਲਣ ਲਈ ਲੋੜ ਹੈ। ਇਸ ਤੋਂ ਇਲਾਵਾ, ਪੂੰਜੀਗਤ ਨਿਵੇਸ਼ਾਂ ਨਾਲ ਪੂਰੇ ਬੀ ਸੀ ਦੇ ਭਾਈਚਾਰਿਆਂ ਵਿੱਚ ਨਵੇਂ ਸਕੂਲਾਂ ਦਾ ਨਿਰਮਾਣ ਅਤੇ ਮੌਜੂਦਾ ਸਕੂਲਾਂ ਦਾ ਪੱਧਰ ਵਧਾਉਣਾ ਜਾਰੀ ਰੱਖਿਆ ਜਾਏਗਾ।



## ਅਰਥਪੂਰਣ ਮੇਲ-ਮਿਲਾਪ

**ਮੇਲ-ਮਿਲਾਪ ਕਿਸੇ ਇੱਕ ਫ਼ੈਸਲੇ, ਘਟਨਾ ਜਾਂ ਪਲ ਨਾਲੋਂ ਵੱਧ ਹੁੰਦਾ ਹੈ। ਇਹ ਇੱਕ ਸਾਂਝੀ ਅਤੇ ਨਿਰੰਤਰ ਯਾਤਰਾ ਹੈ ਜਿਸ ਵਿੱਚ ਅਸੀਂ ਇਕੱਠੇ ਹੋ ਕੇ ਸ਼ਾਮਲ ਹੁੰਦੇ ਹਾਂ।**

ਬਜਟ 2021 ਰਾਹੀਂ 2020 ਦੀ ਪੱਤਝੜ ਦੀ ਸਟਰੌਂਗਰ ਬੀ ਸੀ ਆਰਥਕ ਮੁੜ-ਬਹਾਲੀ ਯੋਜਨਾ ਨੂੰ ਅੱਗੇ ਵਧਾਇਆ ਗਿਆ ਹੈ ਤਾਂ ਕਿ ਮੇਲ-ਮਿਲਾਪ ਨੂੰ ਉਭਾਰਿਆ ਜਾ ਸਕੇ ਅਤੇ ਇੱਕ ਵਧੇਰੇ ਸਮਾਵੇਸ਼ੀ ਆਰਥਕਤਾ ਦਾ ਨਿਰਮਾਣ ਕੀਤਾ ਜਾ ਸਕੇ। ਇਸ ਵਿੱਚ ਮੇਲ-ਮਿਲਾਪ ਨੂੰ ਉਭਾਰਨ ਲਈ ਮੂਲਵਾਸੀ ਲੋਕਾਂ ਨਾਲ ਸਹਿਯੋਗ ਕਰਨ ਲਈ, ਅਤੇ ਇਹ ਯਕੀਨੀ ਬਣਾਉਣ ਲਈ ਕਿ ਮੂਲਵਾਦੀ ਲੋਕ ਬੀ ਸੀ ਦੀ ਆਰਥਕ ਮੁੜ-ਬਹਾਲੀ ਵਿੱਚ ਪੂਰੀ ਤਰ੍ਹਾਂ ਸ਼ਾਮਲ ਹੋ ਸਕਣ, ਮਾਲੀ ਮਦਦ ਸ਼ਾਮਲ ਹੈ।

ਬਜਟ 2021 ਵਿੱਚ ਮੂਲਵਾਸੀ ਸੰਪਰਕ ਅਤੇ ਮੇਲ-ਮਿਲਾਪ ਮੰਤਰਾਲੇ ਲਈ ਸਾਲਾਨਾ ਬੁਨਿਆਦੀ ਮਾਲੀ ਮਦਦ ਵੱਜੋਂ $60 ਮਿਲੀਅਨ ਦਾ ਵਾਧਾ ਕੀਤਾ ਗਿਆ ਹੈ। ਇਹ ਵਿਸ਼ੇਸ਼-ਕਾਰਜ ਸਮਰਪਤ ਮਾਲੀ ਮਦਦ ਹੈ ਤਾਂ ਕਿ ਸਮਝੌਤਾ ਵਾਰਤਾਵਾਂ ਸਮੇਤ ਜ਼ਮੀਨ ਅਤੇ ਸ੍ਰੋਤ ਸਬੰਧਤ ਗਤੀਵਿਧੀਆਂ, ਅਤੇ ਵਿਧਾਨ, ਨੀਤੀ ਅਤੇ ਪ੍ਰੋਗਰਾਮਾਂ ਬਾਰੇ ਵਿਚਾਰ-ਚਰਚਾ ਵਿੱਚ ਮੂਲਵਾਸੀ ਸਹਿਭਾਗਤਾ ਨੂੰ ਮਜ਼ਬੂਤ ਕੀਤਾ ਜਾ ਸਕੇ।

ਬਜਟ 2021 ਵਿੱਚ ਇਹ ਵੀ ਸ਼ਾਮਲ ਹੈ:

- $45 ਮਿਲੀਅਨ ਸੱਭਿਆਚਾਰਕ ਲਿਹਾਜ਼ ਨਾਲ ਸੁਰੱਖਿਅਤ ਸਿਹਤ ਸੇਵਾਵਾਂ ਅਤੇ ਹਰ ਇੱਕ ਖੇਤਰੀ ਸਿਹਤ ਅਧਿਕਰਣ ਵਿੱਚ ਵਧੇਰੇ ਮੂਲਵਾਸੀ ਸੰਪਰਕ ਨੂੰ ਮਜ਼ਬੂਤੀ ਦੇਣ ਲਈ ਰੱਖੇ ਗਏ ਹਨ ਤਾਂ ਕਿ ਮੂਲਵਾਸੀ ਲੋਕਾਂ ਲਈ ਸਿਹਤ ਤੱਕ ਪਹੁੰਚ ਅਤੇ ਸੇਵਾਵਾਂ ਵਿੱਚ ਸੁਧਾਰ ਹੋ ਸਕੇ।
- $14 ਮਿਲੀਅਨ ਪੂਰੇ ਬੀ ਸੀ ਵਿੱਚ ਮੂਲਵਾਸੀ ਲੋਕਾਂ ਲਈ ਮਾਨਸਕ ਸਿਹਤ ਅਤੇ ਨਸ਼ਾਖੋਰੀ ਨਾਲ ਸਬੰਧਤ ਨਿਯੋਜਿਤ ਸੇਵਾਵਾਂ ਮੁਹੱਈਆ ਕਰਾਉਣ ਲਈ ਫ਼ਸਟ ਨੇਸ਼ਨਜ਼ ਸਿਹਤ ਅਧਿਕਰਣ ਲਈ ਰੱਖੇ ਗਏ ਹਨ।
- 400 ਹੋਰ ਸਥਾਨ ਐਬੋਰਿਜਿਨਲ ਹੈੱਡ ਸਟਾਰਟ ਪ੍ਰੋਗਰਾਮ ਵਿੱਚ ਬਣਾਏ ਜਾਣਗੇ, ਜੋ ਮੂਲਵਾਸੀ ਪਰਿਵਾਰਾਂ ਲਈ ਸੱਭਿਆਚਾਰਕ ਲਿਹਾਜ਼ ਨਾਲ ਉਚਿਤ ਬਾਲ-ਸੰਭਾਲ ਪ੍ਰਦਾਨ ਕਰਦਾ ਹੈ।
- ਸੈਂਕੜੇ ਹੀ ਮੂਲਵਾਸੀ ਭਾਈਚਾਰਿਆਂ ਅਤੇ ਸੰਸਥਾਵਾਂ ਨਾਲ ਭਾਈਵਾਲੀ ਕਰਨ ਲਈ ਮਾਲੀ ਮਦਦ ਤਾਂ ਕਿ ਹੁਨਰ ਸਿਖਲਾਈ ਪ੍ਰੋਗਰਾਮਾਂ ਤੱਕ ਪਹੁੰਚ ਦਾ ਦਾਇਰਾ ਵਧਾਇਆ ਜਾ ਸਕੇ।

## ਬੀ ਸੀ ਦੇ ਕਮਜ਼ੋਰ ਲੋਕਾਂ ਨੂੰ ਸਹਾਰਾ ਅਤੇ ਇੱਕ ਵਧੇਰੇ ਨਿਆਂਸੰਗਤ ਭਵਿੱਖ ਦਾ ਨਿਰਮਾਣ

ਬਜਟ 2021 ਵਿੱਚ ਕਮਜ਼ੋਰ ਲੋਕਾਂ ਵੱਲ ਦੇਸ਼ਿਤ ਪ੍ਰੋਗਰਾਮ ਅਤੇ ਮਾਲੀ ਮਦਦ ਸ਼ਾਮਲ ਹੈ। ਇਸ ਵਿੱਚ ਬੀ ਸੀ ਵਿੱਚ ਆਮਦਨੀ ਅਤੇ ਡਿਸੇਬਿਲਿਟੀ ਸਹਾਇਤਾ ਵਿੱਚ ਅੱਜ ਤੱਕ ਦਾ ਸਭ ਤੋਂ ਵੱਡਾ ਸਥਾਈ ਵਾਧਾ ਸ਼ਾਮਲ ਹੈ।

**ਸਹਾਇਤਾ ਪ੍ਰਾਪਤ ਕਰ ਰਹੇ ਲੋਕਾਂ ਲਈ 2017 ਤੋਂ ਲੈ ਕੇ ਪਹਿਲਾਂ ਹੋਏ ਦੋ ਵਾਧਿਆਂ ਨੂੰ ਹੋਰ ਵਧਾਉਂਦਿਆਂ $325 ਪ੍ਰਤੀ ਮਹੀਨਾ ਦਾ ਕੁੱਲ ਵਾਧਾ ਕਰਨ ਲਈ ਆਮਦਨੀ ਅਤੇ ਡਿਸੇਬਿਲਿਟੀ ਸਹਾਇਤਾ ਦਰਾਂ ਵਿੱਚ $175 ਪ੍ਰਤੀ ਮਹੀਨਾ ਦਾ ਵਾਧਾ, ਜੋ 53% ਤੱਕ ਦਾ ਵਾਧਾ ਹੈ।**

ਸੀਨੀਅਰ ਸਪਲੀਮੈਂਟ ਵੀ ਦੁੱਗਣਾ ਕਰ ਦਿੱਤਾ ਜਾਵੇਗਾ, ਜਿਸ ਨਾਲ ਘੱਟ ਆਮਦਨੀ ਵਾਲੇ 80,000 ਬਜ਼ੁਰਗਾਂ ਨੂੰ ਲਾਭ ਹੋਵੇਗਾ।

ਦੇਖਭਾਲ ਪ੍ਰਾਪਤ ਕਰ ਰਹੇ ਬੱਚਿਆਂ ਜਾਂ ਜਿਨ੍ਹਾਂ ਕੋਲ ਦੇਖਭਾਲ ਦੇ ਬਦਲਵੇਂ ਪ੍ਰਬੰਧ ਹਨ, ਲਈ ਵੀ ਅਧਿਕਤਰ ਮਾਲੀ ਮਦਦ ਉਪਲਬਧ ਹੋਣ ਦੇ ਨਾਲ ਨਾਲ ਉਨ੍ਹਾਂ ਪ੍ਰੋਗਰਾਮਾਂ ਲਈ ਵੀ ਅਧਿਕਤਰ ਸਹਾਇਤਾ ਸਾਧਨ, ਜੋ ਕਿਸੇ ਅਪੰਗਤਾ ਜਾਂ ਡਾਕਟਰੀ ਜ਼ਰੂਰਤਾਂ ਵਾਲੇ ਬੱਚਿਆਂ ਨੂੰ ਮਦਦ ਦਿੰਦੇ ਹਨ।

ਕਮਿਊਨਿਟੀ ਲਿਵਿੰਗ ਬੀ ਸੀ ਨੂੰ ਵਿਕਾਸ ਅਪੰਗਤਾ ਵਾਲੇ 24,000 ਤੋਂ ਵੱਧ ਬਾਲਗ਼ਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਸਹਾਇਤਾ ਸਾਧਨ ਅਤੇ ਸੇਵਾਵਾਂ ਪ੍ਰਦਾਨ ਕਰਨ ਲਈ ਨਵੀਂ ਮਾਲੀ ਮਦਦ ਮਿਲੇਗੀ।

ਸਾਡੀ ਨਿਆਂ ਪ੍ਰਣਾਲੀ ਵਿੱਚ ਨਵੇਂ ਨਿਵੇਸ਼ਾਂ ਨਾਲ ਵਿਸ਼ੇਸ਼ ਰੂਪ ਵਿੱਚ ਇਸਤ੍ਰੀਆਂ, ਪ੍ਰਤੱਖ ਘੱਟ ਗਿਣਤੀਆਂ, ਇਕੱਲੇ ਮਾਪਿਆਂ, ਸ਼ਰਨਾਰਥੀਆਂ, ਮੂਲਵਾਸੀ ਲੋਕਾਂ, 2ਐੱਸ ਐੱਲ ਜੀ ਬੀ ਟੀ ਕਿਊ+ (2ਸ਼ਲਘਬਠਥ+) ਭਾਈਚਾਰੇ ਦੇ ਮੈਂਬਰਾਂ ਅਤੇ ਘੱਟ ਆਮਦਨੀ ਵਾਲੇ ਲੋਕਾਂ ਨੂੰ ਇਨਸਾਫ਼ ਤੱਕ ਸਮੇਂ ਸਿਰ ਅਤੇ ਨਿਆਂਸੰਗਤ ਪਹੁੰਚ ਪ੍ਰਦਾਨ ਕਰਨ ਵਿੱਚ ਮਦਦ ਮਿਲੇਗੀ।

## ਖ਼ਰੀਦ-ਪਹੁੰਚ ਯੋਗ ਵਧੇਰੇ ਆਵਾਸ



ਸਰਕਾਰ ਵੱਲੋਂ 2018 ਵਿੱਚ ਆਪਣੀ 10-ਸਾਲਾ ਹੋਮਜ਼ ਫ਼ੌਰ ਬੀ ਸੀ ਯੋਜਨਾ ਦੇ ਆਰੰਭ ਕਰਨ ਤੋਂ ਲੈ ਕੇ 26,000 ਤੋਂ ਵੱਧ ਨਵੇਂ ਘਰਾਂ ਦਾ ਨਿਰਮਾਣ ਕੀਤਾ ਜਾ ਚੁੱਕਾ ਹੈ ਜਾਂ ਹੋ ਰਿਹਾ ਹੈ।

ਬਜਟ 2021 ਰਾਹੀਂ ਵਧ ਰਹੇ ਪਰਿਵਾਰਾਂ, ਬਜ਼ੁਰਗਾਂ, ਹਿੰਸਕ ਸਥਿਤੀਆਂ 'ਚੋਂ ਨਿਕਲਣ ਵਾਲੀਆਂ ਇਸਤ੍ਰੀਆਂ ਅਤੇ ਬੱਚਿਆਂ, ਵਿਦਿਆਰਥੀਆਂ ਅਤੇ ਮੂਲਵਾਸੀ ਲੋਕਾਂ ਲਈ ਵਧੇਰੇ ਖ਼ਰੀਦ-ਪਹੁੰਚ ਯੋਗ ਆਵਾਸ ਦੇ ਹੋਰ ਵੀ ਵਿਕਲਪ ਉਤਪੰਨ ਕੀਤੇ ਜਾਣਗੇ। ਇਸ ਵਿੱਚ ਹਾਊਸਿੰਗ ਹਬ ਵਿੱਚ $2-ਬਿਲੀਅਨ ਦੇ ਨਵੇਂ ਨਿਵੇਸ਼ ਰਾਹੀਂ ਮੱਧ-ਆਮਦਨੀ ਵਾਲੇ ਘਰ-ਪਰਿਵਾਰਾਂ ਅਤੇ ਪਰਿਵਾਰਾਂ ਲਈ ਲਗਭਗ 9,000 ਨਵੇਂ ਘਰਾਂ ਦਾ ਨਿਰਮਾਣ ਸੰਭਵ ਬਣਾਉਣਾ ਸ਼ਾਮਲ ਹੈ।

ਬਜਟ 2021 ਰਾਹੀਂ 3,000 ਤੋਂ ਵੱਧ ਅਸਥਾਈ ਆਪਾਤ ਸ਼ਰਣ-ਸਥਾਨਾਂ ਅਤੇ ਹੋਟਲਾਂ ਵਿੱਚ ਥਾਂਵਾਂ, ਜਿਨ੍ਹਾਂ ਨਾਲ ਮਹਾਮਾਰੀ ਦੇ ਦੌਰਾਨ ਜਾਣ ਲਈ ਸਹਾਇਤਾ-ਸਾਧਨਾਂ ਵਾਲਾ ਇੱਕ ਸੁਰੱਖਿਅਤ ਸਥਾਨ ਮੁਹੱਈਆ ਹੁੰਦਾ ਹੈ, ਦਾ ਪ੍ਰਬੰਧ ਕਰ ਕੇ ਬੇਘਰੀ ਦਾ ਜਾਂ ਅਜਿਹਾ ਹੋਣ ਦੇ ਖ਼ਤਰੇ ਦਾ ਸਾਹਮਣਾ ਕਰ ਰਹੇ ਲੋਕਾਂ ਦੀ ਨਿਰੰਤਰ ਸਹਾਇਤਾ ਕੀਤੀ ਜਾ ਰਹੀ ਹੈ।

# ਬ੍ਰਿਟਿਸ਼ ਕੋਲੰਬੀਆ ਨਿਵਾਸੀਆਂ ਦੀ ਸਿਹਤ ਅਤੇ ਸੁਰੱਖਿਆ ਦਾ ਬਚਾਉ

**ਬਜਟ 2021 ਰਾਹੀਂ ਬ੍ਰਿਟਿਸ਼ ਕੋਲੰਬੀਆ ਨਿਵਾਸੀਆਂ ਦੀ ਸਿਹਤ ਅਤੇ ਸੁਰੱਖਿਆ ਦਾ ਬਚਾਉ ਕਰਨਾ ਅਤੇ ਆਗਾਮੀ ਤਿੰਨ ਸਾਲਾਂ ਦੌਰਾਨ ਸਿਹਤ-ਸੰਭਾਲ ਲਈ $4 ਬਿਲੀਅਨ ਦੀ ਮਾਲੀ ਮਦਦ ਨਾਲ ਉਹ ਸੇਵਾਵਾਂ, ਜਿਨ੍ਹਾਂ ‘ਤੇ ਲੋਕ ਨਿਰਭਰ ਕਰਦੇ ਹਨ, ਦਾ ਦਾਇਰਾ ਵਧਾਉਣਾ ਜਾਰੀ ਰੱਖਿਆ ਜਾ ਰਿਹਾ ਹੈ, ਜਿਸ ਵਿੱਚ ਕੋਵਿਡ-19 ਸਬੰਧਤ ਸੇਵਾਵਾਂ ਨਿਰੰਤਰ ਮੁਹੱਈਆ ਕਰਾਉਣ ਲਈ ਮਾਲੀ ਮਦਦ ਸ਼ਾਮਲ ਹੈ।**

### ਲੋਕਾਂ ਨੂੰ ਸੁਰੱਖਿਅਤ ਰੱਖਣ ਲਈ ਕੋਵਿਡ-19 ਸਿਹਤ ਸਹਾਇਤਾ

ਜਿਵੇਂ ਜਿਵੇਂ ਲੋਕਾਂ ਦਾ ਟੀਕਾਕਰਣ ਹੋ ਰਿਹਾ ਹੈ, ਸਰਕਾਰ ਲੋਕਾਂ ਨੂੰ ਸੁਰੱਖਿਅਤ ਰੱਖਣ ਲਈ ਸਖ਼ਤ ਮਿਹਨਤ ਕਰ ਰਹੀ ਹੈ। ਬਜਟ 2021 ਵਿੱਚ ਸੂਬਾ ਸਰਕਾਰ ਦੀ ਕੋਵਿਡ-19 ਮਹਾਮਾਰੀ ਪ੍ਰਤੀ ਨਿਰੰਤਰ ਜਾਰੀ ਕਾਰਵਾਈ ਨੂੰ ਮਜ਼ਬੂਤ ਕਰਨ ਲਈ 2021-22 ਵਿੱਚ $900 ਮਿਲੀਅਨ ਨਿਰਧਾਰਤ ਕੀਤੇ ਗਏ ਹਨ।

- ਹਰ ਇੱਕ ਬ੍ਰਿਟਿਸ਼ ਕੋਲੰਬੀਆ ਨਿਵਾਸੀ ਲਈ ਕੋਵਿਡ-19 ਵੈਕਸੀਨਾਂ
- ਟੈੱਸਟ ਕਰਨਾ ਅਤੇ ਸੰਪਰਕ-ਖੋਜ ਕਰਨਾ, ਫ਼ਲੂ ਦੇ ਟੀਕਾਕਰਣ ਦਾ ਦਾਇਰਾ ਵਧਾਉਣਾ ਅਤੇ ਗ੍ਰਾਮੀਣ, ਦੂਰ-ਦੁਰਾਡੇ ਅਤੇ ਮੂਲਵਾਸੀ ਭਾਈਚਾਰਿਆਂ ਲਈ ਸਿਹਤ ਸੇਵਾਵਾਂ ਤੱਕ ਪਹੁੰਚ ਵਿੱਚ ਸੁਧਾਰ।
- ਬਜ਼ੁਰਗਾਂ ਨੂੰ ਸੁਰੱਖਿਅਤ ਰੱਖਣ ਲਈ ਲੌਂਗ-ਟਰਮ ਕੇਅਰ ਅਤੇ ਅਸਿਸਿਟਿਡ ਲਿਵਿੰਗ ਸਥਾਨਾਂ ਵਿੱਚ ਕੋਵਿਡ-19 ਲਈ ਸਕ੍ਰੀਨਿੰਗ ਸਟਾਫ਼।

### ਇੱਕ ਸਿਹਤਮੰਦ ਕੱਲ੍ਹ ਲਈ ਬੀ ਸੀ ਦੀ ਸਿਹਤ-ਸੰਭਾਲ ਨੂੰ ਮਜ਼ਬੂਤ ਕਰਨਾ

ਬਜਟ 2021 ਵਿੱਚ ਬੀ ਸੀ ਸਿਹਤ-ਸੰਭਾਲ ਨੂੰ ਨਿਰੰਤਰ ਮਜ਼ਬੂਤ ਕਰਦੇ ਰਹਿਣ ਲਈ ਵੱਡੇ ਨਿਵੇਸ਼ ਸ਼ਾਮਲ ਕੀਤੇ ਗਏ ਹਨ, ਤਾਂ ਕਿ ਲੋਕਾਂ ਨੂੰ ਭਰੋਸਾ ਰਹੇ ਕਿ ਜਦੋਂ ਵੀ ਉਨ੍ਹਾਂ ਨੂੰ ਲੋੜ ਪਵੇ, ਸਹਾਇਤਾ ਮੌਜੂਦ ਰਹੇਗੀ।

- $585 ਮਿਲੀਅਨ, 3,000 ਤੱਕ ਲੋਕਾਂ ਨੂੰ ਸਿਹਤ-ਸੰਭਾਲ ਸਹਾਇਤਾ ਕਾਮਿਆਂ ਵੱਜੋਂ ਸਿਖਲਾਈ ਦੇਣ ਅਤੇ ਭਰਤੀ ਕਰਨ ਲਈ।
- $45 ਮਿਲੀਅਨ, ਸਿਹਤ-ਸੰਭਾਲ ਸਿਸਟਮ ਵਿੱਚ ਮੂਲਵਾਸੀ ਲੋਕਾਂ ਵਿਰੁੱਧ ਵਿਵਸਥਾਗਤ ਨਸਲਵਾਦ ਦਾ ਸਮਾਧਾਨ ਕਰਨ ਵਿੱਚ ਮਦਦ ਕਰਨ ਲਈ।
- $68 ਮਿਲੀਅਨ, ਕੇਅਰ ਏਡ ਕਾਮਿਆਂ ਅਤੇ ਭਾਈਚਾਰਕ ਦੇਖਭਾਲ ਪ੍ਰਦਾਨਕਰਤਾਵਾਂ ਦੀ ਗਿਣਤੀ ਵਧਾ ਕੇ ਬਜ਼ੁਰਗਾਂ ਦੀ ਰੋਜ਼ਾਨਾ ਰਹਿਣ-ਸਹਿਣ ਵਿੱਚ ਸਹਾਇਤਾ ਕਰਨ ਲਈ ਘਰਾਂ ਵਿੱਚ ਗੁਣਵੱਤਾ-ਭਰਪੂਰ ਦੇਖਭਾਲ ਮੁਹੱਈਆ ਕਰਾਉਣ ਲਈ।
- $12 ਮਿਲੀਅਨ, ਪੇਚੀਦਾ ਜ਼ਰੂਰਤਾਂ ਲਈ ਦੇਖਭਾਲ ਦੀਆਂ ਜ਼ਰੂਰਤਾਂ ਵਾਲੇ ਬਜ਼ੁਰਗਾਂ ਨੂੰ ਘਰਾਂ ਦੇ ਆਰਾਮਦੇਹ ਮਾਹੌਲ ਵਿੱਚ ਦੇਖਭਾਲ ਮੁਹੱਈਆ ਕਰਾਉਣ ਲਈ।

> $495 ਮਿਲੀਅਨ, ਡਾਇਗਨੌਸਟਿਕ ਇਮੇਜਿੰਗ ਅਤੇ ਉਪ੍ਰੇਸ਼ਨ ਕਰਨ ਦੀ ਸਮਰੱਥਾ ਵਧਾਉਣ ਲਈ।

### ਬੀ ਸੀ ਦੇ ਇਤਹਾਸ ਵਿੱਚ ਸਭ ਤੋਂ ਵੱਡਾ ਮਾਨਸਕ ਸਿਹਤ ਨਿਵੇਸ਼

ਬੀ ਸੀ ਦੇ ਇਤਹਾਸ ਵਿੱਚ ਬ੍ਰਿਟਿਸ਼ ਕੋਲੰਬੀਆ ਨਿਵਾਸੀਆਂ ਦੀ ਮਾਨਸਕ ਸਿਹਤ ਵਿੱਚ ਹੁਣ ਤੱਕ ਕੀਤੇ ਗਏ ਸਭ ਤੋਂ ਵੱਡੇ ਨਿਵੇਸ਼ ਰਾਹੀਂ, ਬਜਟ 2021 ਵਿੱਚ ਮਾਨਸਕ ਸਿਹਤ ਅਤੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਨਾਲ ਸਬੰਧਤ ਸਹਾਇਤਾ ਸਾਧਨਾਂ ਦਾ ਦਾਇਰਾ ਵਧਾਉਣਾ ਜਾਰੀ ਰੱਖਿਆ ਜਾਵੇਗਾ ਤਾਂ ਕਿ ਲੋਕਾਂ ਨੂੰ ਸੱਭਿਆਚਾਰਕ ਤੌਰ ‘ਤੇ ਸੁਰੱਖਿਅਤ ਅਤੇ ਪ੍ਰਭਾਵੀ ਦੇਖਭਾਲ ਨਾਲ ਬਿਹਤਰ ਢੰਗ ਨਾਲ ਜੋੜਿਆ ਜਾ ਸਕੇ।

ਇਸ ਵਿੱਚ ਮਾਨਸਕ ਸਿਹਤ ਅਤੇ ਨਸ਼ਾਖੋਰੀ ਨਾਲ ਸਬੰਧਤ ਸੇਵਾਵਾਂ ਦਾ ਦਾਇਰਾ ਵਧਾਉਣ ਲਈ ਮਾਲੀ ਯੋਜਨਾ ਦੌਰਾਨ, $500 ਮਿਲੀਅਨ ਦੀ ਨਵੀਂ ਮਾਲੀ ਮਦਦ ਸ਼ਾਮਲ ਹੈ।

- $61 ਮਿਲੀਅਨ, ਮਾਨਸਕ ਸਿਹਤ ਸੇਵਾਵਾਂ ਤੱਕ ਪਹੁੰਚ ਅਤੇ ਉਨ੍ਹਾਂ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਲਈ।
- $14 ਮਿਲੀਅਨ ਫ਼ਸਟ ਨੇਸ਼ਨਜ਼ ਸਿਹਤ ਅਧਿਕਰਣ ਲਈ ਤਾਂ ਕਿ ਮੂਲਵਾਸੀ ਲੋਕਾਂ ਨੂੰ ਨਸ਼ਾਖੋਰੀ ਸਬੰਧਤ ਸੇਵਾਵਾਂ ਮੁਹੱਈਆ ਕਰਾਈਆਂ ਜਾ ਸਕਣ।
- $330 ਮਿਲੀਅਨ, ਤਾਂ ਕਿ ਨਸ਼ੀਲੇ ਪਦਾਰਥਾਂ ਦੀ ਵਰਤੋਂ ਦੇ ਇਲਾਜ ਅਤੇ ਸਿਹਤਯਾਬੀ ਸੇਵਾਵਾਂ ਦਾ ਇੱਕ ਮੁਕੰਮਲ ਸਪੈਕਟ੍ਰਮ ਪ੍ਰਦਾਨ ਕੀਤਾ ਜਾ ਸਕੇ, ਜਿਸ ਵਿੱਚ ਉਪੀਔਇਡ ਚਿਕਿਤਸਾ ਵੀ ਸ਼ਾਮਲ ਹੈ।
- ਵਧੇਰੇ ਲੋਕਾਂ ਨੂੰ ਸਿਹਤਯਾਬੀ ਦੇ ਰਸਤੇ ‘ਤੇ ਤੋਰਨ ਵਿੱਚ ਸਹਾਇਤਾ ਕਰਨ ਲਈ ਪੂਰੇ ਸੂਬੇ ਵਿੱਚ ਨਸ਼ੀਲੇ ਪਦਾਰਥਾਂ ਦੀ ਵਰਤੋਂ ਅਤੇ ਸਿਹਤਯਾਬੀ ਲਈ 195 ਨਵੇਂ ਬੈੱਡ।

> $97 ਮਿਲੀਅਨ, ਨੌਜੁਆਨਾਂ ਵਾਸਤੇ ਮਾਨਸਕ ਸਿਹਤ ਸਹਾਇਤਾ ਸਾਧਨਾਂ ਦੇ ਇੱਕ ਬਿਹਤਰ ਨੈੱਟਵਰਕ ਦਾ ਨਿਰਮਾਣ ਕਰਨ ਲਈ।

### ਨਵੇਂ ਸਿਹਤ ਬੁਨਿਆਦੀ ਢਾਂਚੇ ਵਿੱਚ ਨਿਵੇਸ਼

ਮਾਲੀ ਯੋਜਨਾ ਦੀ ਅਵਧੀ ਦੇ ਦੌਰਾਨ $7.8 ਬਿਲੀਅਨ ਦੇ ਪੂੰਜੀਗਤ ਨਿਵੇਸ਼ਾਂ ਰਾਹੀਂ ਬਜਟ 2021 ਬੇਹੱਦ ਜ਼ਰੂਰੀ ਸਿਹਤ ਬੁਨਿਆਦੀ ਢਾਂਚੇ ਦਾ ਨਿਰਮਾਣ ਕਰਨ ‘ਤੇ ਨਿਰੰਤਰ ਕੇਂਦ੍ਰਿਤ ਰਹੇਗਾ। ਇਨ੍ਹਾਂ ਨਿਵੇਸ਼ਾਂ ਰਾਹੀਂ ਨਵੇਂ ਵੱਡੇ ਨਿਰਮਾਣ ਪ੍ਰਜੈਕਟਾਂ ਲਈ ਅਤੇ ਸਿਹਤ ਸਹੂਲਤਾਂ, ਡਾਕਟਰੀ ਅਤੇ ਡਾਇਗਨੌਸਟਿਕ ਉਪਕਰਣ ਅਤੇ ਤਕਨਾਲੋਜੀ ਸਿਸਟਮਾਂ ਦਾ ਪੱਧਰ ਵਧਾਉਣ ਵਿੱਚ ਮਦਦ ਮਿਲੇਗੀ।

> **ਨਵੇਂ ਸਰੀ ਹਸਪਤਾਲ ਅਤੇ ਕੈਂਸਰ ਸੈਂਟਰ ਜਿਹੇ ਨਵੇਂ ਸਿਹਤ ਪ੍ਰੋਜੈਕਟ, ਜਿਵੇਂ ਕਿ, ਨਵੇਂ ਸੇਂਟ ਪੌਲਜ਼ ਹਸਪਤਾਲ ਅਤੇ ਕੋਵੀਚੈਨ ਡਿਸਟ੍ਰਿਕਟ, ਡਾਸਨ ਕਰੀਕ ਅਤੇ ਡਿਸਟ੍ਰਿਕਟ, ਟੈਰੇਸ ਅਤੇ ਸਟੁਆਰਟ ਲੇਕ ਵਿੱਚ ਨਵੇਂ ਹਸਪਤਾਲਾਂ ਵਰਗੇ ਪ੍ਰਜੈਕਟਾਂ ਤੋਂ ਵੱਖਰੇ ਹਨ। ਬਰਨਬੀ ਹਸਪਤਾਲ, ਕੈਮਲੂਪਸ ਦੇ ਰੌਇਲ ਇਨਲੈਂਡ ਹਸਪਤਾਲ, ਪੈਨਟਿੰਕਟਨ ਰਿਜਨਲ ਹਸਪਤਾਲ ਅਤੇ ਕੈਰਿਬੂ ਮੈਮੋਰੀਅਲ ਹਸਪਤਾਲ ਵਿੱਚ ਮਰੀਜ਼ਾਂ ਲਈ ਨਵੀਆਂ ਥਾਂਵਾਂ ਵੀ ਨਿਵੇਸ਼ਾਂ ਵਿੱਚ ਸ਼ਾਮਲ ਹਨ।**

# ਮਹਾਮਾਰੀ ਦੇ ਦੌਰਾਨ ਬੀ ਸੀ ਦੇ ਕਾਰੋਬਾਰਾਂ ਦੀ ਸਹਾਇਤਾ

**ਬਜਟ 2021 ਰਾਹੀਂ ਬੀ ਸੀ ਦੇ ਕਾਰੋਬਾਰਾਂ ਦੀ ਸਹਾਇਤਾ ਸਾਧਨਾਂ ਅਤੇ ਸੇਵਾਵਾਂ ਤੱਕ ਪਹੁੰਚ ਹੁੰਦੀ ਰਹੇਗੀ, ਜਿਸ ਵਿੱਚ ਉਨ੍ਹਾਂ ਲਈ ਅਧਿਕਤਰ ਨਿਯੋਜਿਤ ਸਹਾਇਤਾ ਸਾਧਨ ਹਨ ਜੋ ਕੋਵਿਡ-19 ਤੋਂ ਸਭ ਤੋਂ ਵੱਧ ਪ੍ਰਭਾਵਤ ਹੋਏ ਹਨ।**

ਬਜਟ 2021 ਵਿੱਚ ਸਟਰੌਂਗਰ ਬੀ ਸੀ ਆਰਥਕ ਮੁੜ-ਬਹਾਲੀ ਯੋਜਨਾ ਰਾਹੀਂ ਕਾਰੋਬਾਰਾਂ ਵਾਸਤੇ ਆਰੰਭ ਕੀਤੇ ਗਏ ਨਿਰੰਤਰ ਜਾਰੀ ਸਹਾਇਤਾ ਸਾਧਨਾਂ ਲਈ ਮਾਲੀ ਮਦਦ ਦਿੱਤੀ ਗਈ ਹੈ ਤਾਂ ਕਿ ਇਸ ਮਹਾਮਾਰੀ ਦੇ ਦੌਰਾਨ ਬੀ ਸੀ ਦੇ ਕਾਰੋਬਾਰਾਂ ਦੀ ਮਦਦ ਕੀਤੀ ਜਾ ਸਕੇ ਅਤੇ ਉਨ੍ਹਾਂ ਨੂੰ ਆਰਥਕ ਮੁੜ-ਬਹਾਲੀ ਲਈ ਤਿਆਰੀ ਕਰਨ ਵਿੱਚ ਸਹਾਇਤਾ ਦਿੱਤੀ ਜਾ ਸਕੇ। ਨਿਰੰਤਰ ਜਾਰੀ ਸਹਾਇਤਾ ਸਾਧਨਾਂ ਵਿੱਚ ਸ਼ਾਮਲ ਹਨ:

- $150 ਮਿਲੀਅਨ, ਸਟਰੌਂਗਰ ਬੀ ਸੀ ਇਨਕ੍ਰੀਜ਼ਡ ਐਂਪਲੌਇਮੈਂਟ ਇਨਸੈਂਟਿਵ ਟੈਕਸ ਕ੍ਰੈਡਿਟ ਲਈ।
- $35 ਮਿਲੀਅਨ, ਤਾਂ ਕਿ ਬੀ ਸੀ ਦੇ ਕਿਸਾਨਾਂ ਦੀ ਅਸਥਾਈ ਵਿਦੇਸ਼ੀ ਕਾਮੇ ਰੱਖਣ ਵਿੱਚ ਮਦਦ ਕੀਤੀ ਜਾ ਸਕੇ ਜੋ ਬੀ ਸੀ ਦੀ ਫ਼ਸਲ ਕਟਾਈ ਨੂੰ ਕੋਵਿਡ-19 ਤੋਂ ਸੁਰੱਖਿਅਤ ਰੱਖਣ ਵਿੱਚ ਸਹਾਇਤਾ ਕਰਦੇ ਹਨ।
- $10 ਮਿਲੀਅਨ, ਤਾਂ ਕਿ ਬੀ ਸੀ ਦੇ ਉਤਪਾਦਾਂ ਲਈ ਘਰੇਲੂ ਬਾਜ਼ਾਰ ਨੂੰ ਮਜ਼ਬੂਤ ਕਰਨ ਅਤੇ ਇਸ ਦਾ ਦਾਇਰਾ ਵਧਾਉਣ ਲਈ ਗਰੋ ਬੀ ਸੀ, ਫ਼ੀਡ ਬੀ ਸੀ, ਬਾਈ ਬੀ ਸੀ ਰਣਨੀਤੀ ਦਾ ਦਾਇਰਾ ਵਧਾਇਆ ਜਾ ਸਕੇ।
- $195 ਮਿਲੀਅਨ ਦੀ ਮਾਲੀ ਮਦਦ, ਤਾਂ ਕਿ ਛੋਟੇ ਅਤੇ ਦਰਮਿਆਨੇ ਆਕਾਰ ਦੇ ਕਾਰੋਬਾਰਾਂ ਲਈ ਬਿਜ਼ਨੈੱਸ ਰਿਕਵਰੀ ਗ੍ਰਾਂਟ ਪ੍ਰੋਗਰਾਮ ਜਾਰੀ ਰੱਖਿਆ ਜਾ ਸਕੇ।

ਇਹ ਨਿਵੇਸ਼ 2020 ਦੇ ਪੱਤਝੜ ਵਿੱਚ ਸਟਰੌਂਗਰ ਬੀ ਸੀ ਆਰਥਕ ਮੁੜ-ਬਹਾਲੀ ਯੋਜਨਾ ਵਿੱਚ ਸ਼ਾਮਲ ਸਹਾਇਤਾ ਸਾਧਨਾਂ ਨੂੰ ਅੱਗੇ ਵਧਾਉਂਦੇ ਹਨ:

- ਚੋਣਵੇਂ ਉਪਕਰਣਾਂ ਅਤੇ ਮਸ਼ੀਨਰੀ ਵਿੱਚ ਪੂੰਜੀਗਤ ਨਿਵੇਸ਼ਾਂ 'ਤੇ ਪੀ ਐੱਸ ਟੀ ਵਿੱਚ ਨਿਰੰਤਰ ਜਾਰੀ ਛੋਟ, ਤਾਂ ਕਿ ਕਾਰੋਬਾਰਾਂ ਨੂੰ ਅਧਾਰ ਕਾਇਮ ਕਰਨ ਅਤੇ ਸੰਚਾਲਨ ਵਿਧੀਆਂ ਦਾ ਪੱਧਰ ਵਧਾਉਣ ਵਿੱਚ ਮਦਦ ਮਿਲ ਸਕੇ, ਜਿਸ ਲਈ ਬੀ ਸੀ ਦੇ ਅੰਦਾਜ਼ਨ 110,000 ਨਿਗਮਿਤ ਕਾਰੋਬਾਰਾਂ ਦੇ ਯੋਗ ਹੋ ਸਕਣਗੇ।
- $44 ਮਿਲੀਅਨ ਲਾਂਚ ਔਨਲਾਈਨ ਪ੍ਰੋਗਰਾਮ ਲਈ, ਜਿਸ ਨਾਲ ਕਾਰੋਬਾਰਾਂ ਲਈ ਉਨ੍ਹਾਂ ਦਾ ਈ-ਕਾਮਰਸ ਤਿਆਰ ਕਰਨ ਲਈ ਜਾਂ ਉਸ ਨੂੰ ਬਿਹਤਰ ਬਣਾਉਣ ਲਈ ਉਨ੍ਹਾਂ ਨੂੰ ਤਕਨਾਲੋਜੀ ਕੰਪਨੀਆਂ ਨਾਲ ਜੋੜਿਆ ਜਾਵੇਗਾ ਅਤੇ ਕਾਰੋਬਾਰਾਂ ਨੂੰ ਆਪਣੀ ਔਨਲਾਈਨ ਵਿਕਰੀ ਨੂੰ ਉਭਾਰਨ ਵਿੱਚ ਮਦਦ ਦੇਣ ਲਈ ਡਿਜਿਟਲ ਮਾਰਕਿਟਿੰਗ ਸਿਖਲਾਈ ਪ੍ਰਦਾਨ ਕੀਤੀ ਜਾਵੇਗੀ।
- $10 ਮਿਲੀਅਨ, ਤਾਂ ਕਿ ਛੋਟੇ ਅਤੇ ਦਰਮਿਆਨੇ ਆਕਾਰ ਦੇ ਕਾਰੋਬਾਰਾਂ ਦੀ ਬਾਜ਼ਾਰ ਵਿੱਚ ਆਪਣੇ ਉਤਪਾਦਾਂ ਤੱਕ ਪਹੁੰਚ ਨੂੰ ਵਧਾਉਣ ਵਿੱਚ ਸਹਾਇਤਾ ਕਰ ਕੇ ਬੀ ਸੀ ਵਿੱਚ ਮੁੱਲ-ਯੋਗਿਤ (ਵੈਲਿਊ ਐਡਿਡ) ਉਤਪਾਦਨ ਵਿੱਚ ਵਾਧਾ ਕੀਤਾ ਜਾ ਸਕੇ ਅਤੇ ਬੀ ਸੀ ਦੇ ਸਪਲਾਈ ਦੇ ਸਿਲਸਿਲੇ ਨੂੰ ਮਜ਼ਬੂਤ ਕਰਨ ਵਿੱਚ ਮਦਦ ਕਰਨ ਲਈ ਕਾਰੋਬਾਰਾਂ ਵਾਸਤੇ ਅਧਿਕਤਰ $6 ਮਿਲੀਅਨ ਦੀਆਂ ਗ੍ਰਾਂਟਾਂ।
- $7.5 ਮਿਲੀਅਨ, ਤਾਂ ਕਿ ਬੀ ਸੀ ਦੇ ਵਿਕਸਤ ਹੋ ਰਹੇ ਐਗਰੀ-ਟੈੱਕ ਉਦਯੋਗ ਨੂੰ ਸਹਾਇਤਾ ਦਿੱਤੀ ਜਾ ਸਕੇ।
- $7 ਮਿਲੀਅਨ, ਤਾਂ ਕਿ ਬੀ ਸੀ ਦੇ ਫ਼ੂਡ ਹਬ ਨੈੱਟਵਰਕ ਦਾ ਦਾਇਰਾ ਵਧਾਇਆ ਜਾ ਸਕੇ ਅਤੇ ਖੇਤੀ ਨਵੀਨਤਾਕਾਰੀ ਅਤੇ ਭੋਜਨ ਸੰਸਾਧਨ ਵਿੱਚ ਮਦਦ ਦਿੱਤੀ ਜਾ ਸਕੇ।
- 2020 ਦੇ ਵਪਾਰਕ ਪ੍ਰਾਪਰਟੀ ਟੈਕਸ ਵਿੱਚ ਔਸਤਨ 25% ਦੀ ਕਮੀ।

### ਬੀ ਸੀ ਦੇ ਸਭ ਤੋਂ ਵੱਧ ਪ੍ਰਭਾਵਤ ਖੇਤਰਾਂ ਨੂੰ ਸਹਾਰਾ

ਇਸ ਮਹਾਮਾਰੀ ਦੇ ਸਮੇਂ ਦੌਰਾਨ ਵੱਖ-ਵੱਖ ਖੇਤਰਾਂ ਨੇ ਵਿਸ਼ੇਸ਼ ਚੁਣੌਤੀਆਂ ਦਾ ਸਾਹਮਣਾ ਕੀਤਾ ਹੈ, ਅਤੇ ਸੂਬਾ ਸਰਕਾਰ ਨੇ ਅਜਿਹੇ ਸਹਾਇਤਾ ਸਾਧਨਾਂ ਰਾਹੀਂ ਕਾਰਵਾਈ ਕੀਤੀ ਹੈ ਜੋ ਉਨ੍ਹਾਂ ਦੀਆਂ ਵਿਲੱਖਣ ਲੋੜਾਂ ਲਈ ਸਹੀ ਬੈਠਦੇ ਹਨ।

ਇਸ ਮਹਾਮਾਰੀ ਦੇ ਬਾਕੀ ਰਹਿੰਦੇ ਸਮੇਂ ਦੌਰਾਨ ਅਤੇ ਆਰਥਕ ਮੁੜ-ਬਹਾਲੀ ਵੱਲ ਕਦਮ ਵਧਾਉਣ ਲਈ ਅਜਿਹੇ ਖੇਤਰਾਂ ਨੂੰ, ਜੋ ਸਭ ਤੋਂ ਵੱਧ ਪ੍ਰਭਾਵਤ ਹੋਏ ਹਨ, ਅਸੀਂ ਨਿਰੰਤਰ ਸਹਾਰਾ ਦਿੰਦੇ ਰਹਾਂਗੇ।

### ਸੈਰ-ਸਪਾਟਾ

ਸੈਰ-ਸਪਾਟਾ ਨਿਵੇਸ਼ਾਂ ਨਾਲ ਇੱਕ ਅਜਿਹਾ ਖੇਤਰ, ਜਿਸ ਵਿੱਚ ਉਹ ਸਮੂਹ ਜੋ ਅਸੰਗਤ ਢੰਗ ਨਾਲ ਪ੍ਰਭਾਵਤ ਹੋਏ ਹਨ, ਕਿਰਤੀਬਲ ਦੇ ਇੱਕ ਵੱਡੇ ਹਿੱਸੇ ਦੀ ਪ੍ਰਤੀਨਿਧਤਾ ਕਰਦੇ ਹਨ, ਦੀ ਆਰਥਕ ਮੁੜ-ਬਹਾਲੀ ਨੂੰ ਸਹਾਰਾ ਮਿਲੇਗਾ।

- 2020 ਦੀ ਪੱਤਝੜ ਵਿੱਚ ਸਟਰੌਂਗਰ ਬੀ ਸੀ ਆਰਥਕ ਮੁੜ-ਬਹਾਲੀ ਯੋਜਨਾ ਵਿੱਚ ਸੈਰ-ਸਪਾਟਾ ਰਾਹਤ ਅਤੇ ਆਰਥਕ ਮੁੜ-ਬਹਾਲੀ ਦੇ ਉਪਾਵਾਂ ਲਈ $70 ਮਿਲੀਅਨ ਤੋਂ ਵੱਧ ਰੱਖੇ ਗਏ ਸਨ, ਜਿਸ ਵਿੱਚ ਸੈਰ-ਸਪਾਟਾ ਬੁਨਿਆਦੀ ਢਾਂਚੇ ਦੇ ਨਿਰਮਾਣ, ਸਥਿਤੀ ਅਨੁਕੂਲ ਬਣਾਉਣ ਅਤੇ ਵਿਵਿਧਤਾ ਲਿਆਉਣ ਲਈ ਨਗਰਪਾਲਿਕਾਵਾਂ ਦੀ ਮਦਦ ਕਰਨ ਲਈ ਅਤੇ ਮੂਲਵਾਸੀ ਸੈਰ-ਸਪਾਟਾ ਕਾਰੋਬਾਰਾਂ ਨੂੰ ਮਦਦ ਦੇਣ ਲਈ ਨਿਵੇਸ਼ ਸ਼ਾਮਲ ਸਨ।
- $100 ਮਿਲੀਅਨ, ਜੋ 2020 ਦੀ ਪੱਤਝੜ ਵਿੱਚ ਐਲਾਨ ਕੀਤੀ ਗਈ ਛੋਟੇ ਅਤੇ ਦਰਮਿਆਨੇ ਆਕਾਰ ਦੇ ਕਾਰੋਬਾਰਾਂ ਲਈ ਗ੍ਰਾਂਟ ਵੱਜੋਂ ਮਾਲੀ ਮਦਦ ਦਾ ਹਿੱਸਾ ਹੈ, ਸੈਰ-ਸਪਾਟਾ ਸੰਚਾਲਕਾਂ ਲਈ ਨਿਯੋਜਿਤ ਹੈ।

ਬੀ ਸੀ ਦੇ ਸੈਰ-ਸਪਾਟਾ ਖੇਤਰ ਦੀ ਇੱਕ ਮਜ਼ਬੂਤ ਭਵਿੱਖ ਲਈ ਤਿਆਰੀ ਕਰਨ ਵਿੱਚ ਮਦਦ ਲਈ, ਬਜਟ 2021 ਰਾਹੀਂ ਨਿਵੇਸ਼ ਕੀਤੇ ਜਾਣਗੇ:

- ਕਮਿਉਨਿਟੀ ਡੈਸਟੀਨੇਸ਼ਨ ਡਿਵੈਲਪਮੈਂਟ ਗ੍ਰਾਂਟਾਂ ਲਈ ਅਧਿਕਤਰ $20 ਮਿਲੀਅਨ ਜੋ ਭਾਈਚਾਰਿਆਂ ਦੀ ਟਰੇਲਾਂ ਅਤੇ ਹਵਾਈ ਅੱਡਿਆਂ ਵਿੱਚ ਸੁਧਾਰ ਕਰਨ ਵਰਗੇ ਨਵੇਂ ਸੈਰ-ਸਪਾਟਾ ਬੁਨਿਆਦੀ ਢਾਂਚੇ ਰਾਹੀਂ ਭਵਿੱਖ ਦੇ ਸੈਲਾਨੀਆਂ ਲਈ ਤਿਆਰੀ ਕਰਨ ਵਿੱਚ ਮਦਦ ਕਰਨਗੀਆਂ।

**$100 ਮਿਲੀਅਨ, ਤਾਂ ਕਿ ਸੈਰ-ਸਪਾਟਾ ਮੁੜ-ਬਹਾਲੀ ਨੂੰ ਸਹਾਰਾ ਦਿੱਤਾ ਜਾ ਸਕੇ, ਜਿਸ ਵਿੱਚ ਪ੍ਰਮੁੱਖ ਆਕਰਸ਼ਕ ਸਥਾਨਾਂ ਲਈ ਸਹਾਇਤਾ ਸ਼ਾਮਲ ਹੈ ਜੋ ਬ੍ਰਿਟਿਸ਼ ਕੋਲੰਬੀਆ ਨੂੰ ਇੱਕ ਅਜਿਹਾ ਵਿਲੱਖਣ ਠਿਕਾਣਾ ਬਣਾਉਣ ਵਿੱਚ ਮਦਦ ਕਰਦੇ ਹਨ।**

## ਕਲਾ ਅਤੇ ਸੱਭਿਆਚਾਰ

ਬੀ ਸੀ ਦੇ ਕਲਾ ਅਤੇ ਮਨੋਰੰਜਨ ਭਾਈਚਾਰਿਆਂ ਦੇ ਆਗੂਆਂ ਨਾਲ ਸਰਕਾਰ ਨੇ ਨਜ਼ਦੀਕ ਤੋਂ ਸਹਿਯੋਗ ਕੀਤਾ ਹੈ ਤਾਂ ਕਿ ਨਿਯੋਜਿਤ ਮੁੜ-ਬਹਾਲੀ ਲਈ ਮਾਲੀ ਮਦਦ ਪੈਦਾ ਕੀਤੀ ਜਾ ਸਕੇ ਅਤੇ ਆਗਾਮੀ ਤਿੰਨ ਸਾਲਾਂ ਦੌਰਾਨ ਬੀ ਸੀ ਦੇ ਸੰਗੀਤ ਉਦਯੋਗ ਨੂੰ ਸਹਾਰਾ ਦੇਣ ਲਈ ਐਂਪਲੀਫ਼ਾਈ ਬੀ ਸੀ ਰਾਹੀਂ $22.5 ਮਿਲੀਅਨ ਦਾ, ਅਤੇ ਕਲਾ ਅਤੇ ਮਨੋਰੰਜਨ ਸੰਸਥਾਵਾਂ ਨੂੰ ਸਹਾਰਾ ਦੇਣ ਲਈ $35 ਮਿਲੀਅਨ ਦਾ ਪਹਿਲਾਂ ਹੀ ਨਿਵੇਸ਼ ਕੀਤਾ ਹੈ।

ਬਜਟ 2021 ਵਿੱਚ ਆਰਟਸ ਇਨਫ਼ਰਾਸਟਰਕਚਰ ਪ੍ਰੋਗਰਾਮ ਲਈ ਬਜਟ ਦੁੱਗਣਾ ਕਰ ਕੇ ਇਨ੍ਹਾਂ ਨਿਵੇਸ਼ਾਂ ਨੂੰ ਅੱਗੇ ਵਧਾਇਆ ਗਿਆ ਹੈ, ਜਿਸ ਨਾਲ ਕਲਾ ਅਤੇ ਸੱਭਿਆਚਾਰ ਸੰਸਥਾਵਾਂ ਦੀ ਸਿਹਤਯਾਬੀ ਵਿੱਚ ਮਦਦ ਕਰਨ ਲਈ ਪੂੰਜੀਗਤ ਸੁਧਾਰ ਗ੍ਰਾਂਟਾਂ ਵੱਜੋਂ $6 ਮਿਲੀਅਨ ਪ੍ਰਦਾਨ ਕੀਤੇ ਜਾਣਗੇ।

## ਰੈਸਤੋਰਾਂ ਅਤੇ ਪ੍ਰਾਹੁਣਚਾਰੀ

ਰੈਸਤੋਰਾਂ ਅਤੇ ਪ੍ਰਾਹੁਣਚਾਰੀ ਉਦਯੋਗ ਨੂੰ ਬਾਰ ਬਾਰ ਇਸ ਮਹਾਮਾਰੀ ਦੇ ਬਦਲਦੇ ਭੂ-ਦ੍ਰਿਸ਼ ਅਤੇ ਸੂਬਾਈ ਸਿਹਤ ਅਧਿਕਾਰੀ ਦੇ ਨਿਰਦੇਸ਼ਾਂ ਅਨੁਸਾਰ ਢਲਣਾ ਪਿਆ ਹੈ।

ਸਰਕਾਰ ਇਸ ਤਰ੍ਹਾਂ ਨਾਲ ਰੈਸਤੋਰਾਂ ਅਤੇ ਪ੍ਰਾਹੁਣਚਾਰੀ ਉਦਯੋਗ ਨੂੰ ਸਹਾਰਾ ਦੇ ਰਹੀ ਹੈ:

- ਸਰਕਟ ਬ੍ਰੇਕਰ ਬਿਜ਼ਨੈੱਸ ਰਿਕਵਰੀ ਗ੍ਰਾਂਟਾਂ ਰਾਹੀਂ $50 ਮਿਲੀਅਨ ਤੋਂ ਵੱਧ ਨਾਲ 14,000 ਰੈਸਤੋਰਾਂ, ਬਾਰਾਂ, ਬਰੂਵਰੀਆਂ, ਵਾਈਨਰੀਆਂ, ਜਿਮ ਅਤੇ ਫ਼ਿਟਨੈੱਸ ਸੈਂਟਰਾਂ ਨੂੰ ਸਹਾਰਾ ਦੇਣਾ।
- ਭੋਜਨ ਡਿਲਿਵਰ ਕਰਨ ਵਾਲੀਆਂ ਕੰਪਨੀਆਂ ਦੁਆਰਾ ਰੈਸਤੋਰਾਂ ਤੋਂ ਵਸੂਲੀ ਜਾਂਦੀ ਫ਼ੀਸ ਦੀ ਹੱਦ ਅਸਥਾਈ ਤੌਰ 'ਤੇ ਵੱਧ ਤੋਂ ਵੱਧ 15% ਤੱਕ ਰੱਖਣ ਦਾ ਨਿਰਦੇਸ਼ ਜਾਰੀ ਕਰਨਾ।
- ਮਹਾਮਾਰੀ ਦੌਰਾਨ ਨੌਕਰੀ ਤੋਂ ਫ਼ਾਰਗ ਕੀਤੇ ਗਏ ਸੈਂਕੜੇ ਹੀ ਸੈਰ-ਸਪਾਟਾ ਅਤੇ ਪ੍ਰਾਹੁਣਚਾਰੀ ਖੇਤਰ ਦੇ ਕਰਮਚਾਰੀਆਂ ਨੂੰ ਗ਼ੈਰ-ਕਲੀਨਿਕਲ ਸਟਾਫ਼ ਦੇ ਤੌਰ 'ਤੇ ਬੀ ਸੀ ਦੀ ਟੀਕਾਕਰਣ ਯੋਜਨਾ ਵਿੱਚ ਮਦਦ ਕਰਨ ਲਈ ਭਰਤੀ ਕਰਨਾ।



ਰੈਸਤੋਰਾਂ, ਬਾਰਾਂ ਅਤੇ ਸੈਰ-ਸਪਾਟਾ ਸੰਚਾਲਕਾਂ ਦੀ ਲਿਕਰ ਲਾਈਸੈਂਸਾਂ ਨਾਲ ਬੀਅਰ, ਵਾਈਨ ਅਤੇ ਸ਼ਰਾਬ ਸਥਾਈ ਤੌਰ 'ਤੇ ਥੋਕ ਲਿਕਰ ਕੀਮਤ 'ਤੇ ਖ਼ਰੀਦਣ ਵਿੱਚ ਮਦਦ ਕਰਨਾ।

**ਬੀ ਸੀ ਦੇ ਕਾਰੋਬਾਰਾਂ ਨੇ ਕੋਵਿਡ-19 ਦੇ ਬਾਰ ਬਾਰ ਬਦਲਦੇ ਭੂ-ਦ੍ਰਿਸ਼ ਦੌਰਾਨ ਪੁਨਰ-ਵਿਚਾਰ ਅਤੇ ਪੁਨਰ-ਜੁਗਤ ਲਈ ਰਚਨਾਤਮਕਤਾ ਅਤੇ ਨਵੀਨਤਾਕਾਰੀ ਦੀ ਵਰਤੋਂ ਕੀਤੀ ਹੈ।**

ਜਿਨ੍ਹਾਂ ਕਾਰੋਬਾਰਾਂ ਨੂੰ ਹੁਣ ਜ਼ਰੂਰਤ ਹੈ, ਉਨ੍ਹਾਂ ਨੂੰ ਸਹਾਰਾ ਦੇਣ ਲਈ ਅਤੇ ਬੀ ਸੀ ਦੇ ਸਾਰੇ ਕਾਰੋਬਾਰਾਂ ਨੂੰ ਸਥਿਤੀ ਅਨੁਰੂਪ ਢਲ ਕੇ ਭਵਿੱਖ ਵੱਲ ਕਦਮ ਵਧਾਉਣ ਵਿੱਚ ਸਹਾਇਤਾ ਦੇਣ ਲਈ ਸਰਕਾਰ ਮੌਜੂਦ ਹੈ।

# ਮਜ਼ਬੂਤ ਆਰਥਕ ਮੁੜ-ਬਹਾਲੀ ਅਤੇ ਸਾਡੇ ਭਵਿੱਖ ਵਿੱਚ ਨਿਵੇਸ਼

**ਬਜਟ 2021 ਵਿੱਚ ਉਨ੍ਹਾਂ ਨਿਵੇਸ਼ਾਂ ਨੂੰ ਪਹਿਲ ਦੇਣਾ ਜਾਰੀ ਰੱਖਿਆ ਗਿਆ ਹੈ, ਜੋ ਮਹਾਮਾਰੀ ਪ੍ਰਤੀ ਕਾਰਵਾਈ ਕਰਨ ਲਈ ਅਤੇ ਇੱਕ ਮਜ਼ਬੂਤ ਆਰਥਕ ਮੁੜ-ਬਹਾਲੀ ਲਈ ਤਿਆਰੀ ਕਰਨ ਵਿੱਚ ਬੀ ਸੀ ਦੀ ਸਹਾਇਤਾ ਕਰਦੇ ਹਨ।**

ਇਹ ਨਿਵੇਸ਼ ਉਨ੍ਹਾਂ $10 ਬਿਲੀਅਨ ਵਿੱਚ ਵਾਧਾ ਕਰਦੇ ਹਨ ਜੋ ਇਸ ਮਹਾਮਾਰੀ ਦੇ ਸ਼ੁਰੂ ਹੋਣ ਤੋਂ ਲੈ ਕੇ ਲੋਕਾਂ, ਕਾਰੋਬਾਰਾਂ ਅਤੇ ਭਾਈਚਾਰਿਆਂ ਨੂੰ ਸਹਾਇਤਾ ਦੇਣ ਲਈ ਪ੍ਰਦਾਨ ਕੀਤੇ ਗਏ ਹਨ।

**ਇਨ੍ਹਾਂ ਨਿਵੇਸ਼ਾਂ ਨਾਲ ਨੌਕਰੀਆਂ ਪੈਦਾ ਕਰਨ, ਆਰਥਕ ਮੁੜ-ਬਹਾਲੀ ਨੂੰ ਸਹਾਰਾ ਦੇਣ, ਅਤੇ ਇੱਕ ਵਧੇਰੇ ਸਥਿਰ, ਸਮਾਵੇਸ਼ੀ, ਅਤੇ ਨਿਆਂਸੰਗਤ ਆਰਥਕਤਾ ਉਤਪੰਨ ਕਰਨ ਵਿੱਚ ਮਦਦ ਮਿਲੇਗੀ।**

ਬਜਟ 2021 ਰਾਹੀਂ ਇਹ ਯਕੀਨੀ ਬਣਾਇਆ ਜਾਏਗਾ ਕਿ ਹਸਪਤਾਲਾਂ ਅਤੇ ਸਿਹਤ ਸਹੂਲਤਾਂ, ਸਕੂਲਾਂ, ਅਤੇ ਹਾਈਵੇਅ ਅਤੇ ਟ੍ਰਾਂਜ਼ਿਟ ਪ੍ਰੋਜੈਕਟਾਂ ਦਾ ਬੇਹੱਦ ਜ਼ਰੂਰੀ ਪੱਧਰ ਵਧਾ ਕੇ ਉਚਿਤ ਬੁਨਿਆਦੀ ਢਾਂਚਾ ਸਥਾਪਤ ਹੋ ਸਕੇ।

**ਬਜਟ 2021 ਵਿੱਚ ਕਰ-ਦਾਤਾ ਦੁਆਰਾ ਪ੍ਰਦਾਨ ਸਹਾਇਤਾ ਦੇ ਰੂਪ ਵਿੱਚ $26.4 ਬਿਲੀਅਨ ਦੇ ਰਿਕਾਰਡ-ਪੱਧਰੀ ਪੂੰਜੀਗਤ ਨਿਵੇਸ਼ ਪ੍ਰਦਾਨ ਕੀਤੇ ਗਏ ਹਨ, ਜਿਨ੍ਹਾਂ ਨਾਲ ਤਿੰਨ-ਸਾਲਾ ਯੋਜਨਾ ਦੌਰਾਨ 85,000 ਤੋਂ ਵੱਧ ਨੌਕਰੀਆਂ ਉਤਪੰਨ ਹੋਣ ਦੀ ਆਸ ਹੈ।**

ਇਹ ਨਿਵੇਸ਼ ਸਰਕਾਰ ਵੱਲੋਂ ਪਹਿਲਾਂ ਹੀ ਬੇਹੱਦ ਜ਼ਰੂਰੀ ਬੁਨਿਆਦੀ ਢਾਂਚੇ ਵਿੱਚ ਕੀਤੇ ਗਏ ਇਤਿਹਾਸਕ ਨਿਵੇਸ਼ਾਂ ਨੂੰ ਅੱਗੇ ਵਧਾਉਂਦੇ ਹਨ। ਇਸ ਰਾਹੀਂ ਦੋਹਾਂ ਮੌਜੂਦਾ ਪ੍ਰੋਜੈਕਟਾਂ 'ਤੇ ਧਿਆਨ ਕੇਂਦ੍ਰਿਤ ਕੀਤਾ ਗਿਆ ਹੈ, ਤਾਂ ਕਿ ਲੋਕ ਤੁਰੰਤ ਕੰਮ 'ਤੇ ਵਾਪਸ ਜਾ ਸਕਣ, ਅਤੇ ਆਵਾਜਾਈ, ਸਿਹਤ ਅਤੇ ਸਿੱਖਿਆ ਦੇ ਖੇਤਰਾਂ ਵਿੱਚ ਨਵੇਂ ਨਿਵੇਸ਼ਾਂ ਰਾਹੀਂ ਦੀਰਘ-ਕਾਲੀਨ ਮੁੜ-ਬਹਾਲੀ ਦੀ ਨੀਂਹ ਮਜ਼ਬੂਤ ਬਣਾਈ ਜਾ ਸਕੇ।

ਬਜਟ 2021 ਵਿੱਚ ਇਹ ਨਿਵੇਸ਼ ਵੀ ਕੀਤੇ ਗਏ ਹਨ:

- $40 ਮਿਲੀਅਨ, ਤਾਂ ਕਿ ਹੋਰ ਜ਼ਿਆਦਾ ਗ੍ਰਾਮੀਣ ਅਤੇ ਦੂਰ-ਦੁਰਾਡੇ ਭਾਈਚਾਰਿਆਂ ਲਈ, ਜਿਨ੍ਹਾਂ ਵਿੱਚ ਮੂਲਵਾਸੀ ਭਾਈਚਾਰੇ ਵੀ ਸ਼ਾਮਲ ਹਨ, ਹਾਈ-ਸਪੀਡ ਇੰਟਰਨੈੱਟ ਅਤੇ ਸੈਲੂਲਰ ਕਵਰੇਜ ਮੁਹੱਈਆ ਕਰਾਇਆ ਜਾ ਸਕੇ।
- $83 ਮਿਲੀਅਨ ਦੀ ਸੰਚਾਲਨ ਅਤੇ ਪੂੰਜੀਗਤ ਮਾਲੀ ਮਦਦ ਬੀ ਸੀ ਪਾਰਕਸ ਲਈ, ਤਾਂ ਕਿ ਟ੍ਰੇਲਾਂ ਅਤੇ ਬੈਕਕੰਟਰੀ ਬੁਨਿਆਦੀ ਢਾਂਚੇ ਦਾ ਦਾਇਰਾ ਵਧਾਇਆ ਜਾ ਸਕੇ ਅਤੇ ਇਨ੍ਹਾਂ ਵਿੱਚ ਸੁਧਾਰ ਕੀਤਾ ਜਾ ਸਕੇ, ਨਵੀਆਂ ਕੈਂਪਸਾਈਟਾਂ ਵਿੱਚ ਵਾਧਾ ਕੀਤਾ ਜਾ ਸਕੇ, ਪਾਰਕਾਂ ਦਾ ਆਕਾਰ ਵਧਾਉਣ ਲਈ ਨਵੀਂ ਜ਼ਮੀਨ ਖ਼ਰੀਦੀ ਜਾ ਸਕੇ, ਡਿਸਕਵਰ ਕੈਂਪਿੰਗ ਦੇ ਰਾਖਵਾਂਕਰਣ ਸਿਸਟਮ ਵਿੱਚ ਸੁਧਾਰ ਕੀਤਾ ਜਾਵੇ, ਅਤੇ ਪਾਰਕਾਂ ਦੇ ਮੌਜੂਦਾ ਬੁਨਿਆਦੀ ਢਾਂਚੇ ਵਿੱਚ ਸਹਾਇਤਾ ਦਿੱਤੀ ਜਾ ਸਕੇ।
- $30 ਮਿਲੀਅਨ, ਤਾਂ ਕਿ ਬੀ ਸੀ ਦੇ ਕੌਨਫ਼ੈਡਰੇਸ਼ਨ ਵਿੱਚ ਸ਼ਾਮਲ ਹੋਣ ਦੀ 150ਵੀਂ ਵਰ੍ਹੇਗੰਢ ਦੇ ਮੌਕੇ 'ਤੇ ਕੀਤੀਆਂ ਜਾਣ ਵਾਲੀਆਂ ਪਹਿਲਕਦਮੀਆਂ ਵਿੱਚ ਸਹਾਇਤਾ ਦਿੱਤੀ ਜਾ ਸਕੇ।

**ਬਜਟ 2021 ਵਿੱਚ ਇਨ-ਬੀ ਸੀ ਸਟ੍ਰੈਟਜਿਕ ਇਨਵੈੱਸਟਮੈਂਟ ਫ਼ੰਡ ਲਈ ਤਿੰਨ ਸਾਲਾਂ ਦੌਰਾਨ, ਵਿੱਤ-ਪੋਸ਼ਣ ਲਈ $500 ਰੱਖੇ ਗਏ ਹਨ ਤਾਂ ਕਿ ਬੀ ਸੀ ਵਿੱਚ ਉੱਚ-ਵਿਕਾਸ ਸਮਰੱਥਾ ਵਾਲੇ ਕਾਰੋਬਾਰਾਂ, ਪ੍ਰਤਿਭਾ ਅਤੇ ਵਧੀਆ ਨੌਕਰੀਆਂ ਨੂੰ ਆਕਰਸ਼ਤ ਕਰਨ ਅਤੇ ਸਥਿਰ ਰੱਖਣ ਵਿੱਚ ਸਹਾਇਤਾ ਮਿਲ ਸਕੇ।**

## ਬੀ ਸੀ ਦੀ ਕਲੀਨ-ਬੀ ਸੀ ਰਾਹੀਂ ਇੱਕ ਵਧੇਰੇ ਹਰਿਤ ਮੁੜ-ਬਹਾਲੀ ਲਈ ਤਿਆਰੀ

ਬਜਟ 2021 ਉਸ ਪ੍ਰਗਤੀ ਨੂੰ ਅੱਗੇ ਵਧਾਉਂਦਾ ਹੈ ਜੋ ਅਸੀਂ ਇੱਕ ਵਧੇਰੇ ਸ਼ੁੱਧ, ਵਧੇਰੇ ਮਜ਼ਬੂਤ ਆਰਥਕਤਾ ਉਤਪੰਨ ਕਰਨ ਰਾਹੀਂ ਕੀਤੀ ਹੈ, ਜਿਸ ਲਈ ਉਤਸਰਜਨ ਘਟਾਉਣ ਲਈ ਅਧਿਕਤਰ $506 ਮਿਲੀਅਨ ਦਾ ਨਿਵੇਸ਼ ਕੀਤਾ ਗਿਆ ਹੈ, ਸ਼ੁੱਧ ਊਰਜਾ ਅਤੇ ਕਲੀਨਟੈੱਕ ਵਿੱਚ ਨਿਵੇਸ਼ ਕੀਤਾ ਗਿਆ ਹੈ, ਅਤੇ ਜਲਵਾਯੂ ਪਰਿਵਰਤਨ ਲਈ ਤਿਆਰੀ ਕੀਤੀ ਗਈ ਹੈ। ਸਟਰੌਂਗਰ ਬੀ ਸੀ ਆਰਥਕ ਮੁੜ-ਬਹਾਲੀ ਯੋਜਨਾ ਰਾਹੀਂ, ਅਸੀਂ ਜਲਵਾਯੂ ਪਰਿਵਰਤਨ ਪ੍ਰੋਜੈਕਟਾਂ ਵਿੱਚ $190 ਮਿਲੀਅਨ ਦਾ ਨਿਵੇਸ਼ ਕੀਤਾ ਹੈ ਤਾਂ ਕਿ ਰੁਜ਼ਗਾਰ ਅਤੇ ਇੱਕ ਵਧੇਰੇ ਸ਼ੁੱਧ, ਸਥਿਤੀ ਅਨੁਰੂਪ ਵਧੇਰੇ ਢਲ ਸਕਣ ਵਾਲੀ ਆਰਥਕਤਾ ਨੂੰ ਮਜ਼ਬੂਤ ਕੀਤਾ ਜਾ ਸਕੇ।

ਇਨ੍ਹਾਂ ਨਿਵੇਸ਼ਾਂ ਨਾਲ ਆਵਾਜਾਈ ਵਿੱਚ ਉਤਸਰਜਨ ਘਟੇਗਾ, ਅਲਪ-ਕਾਰਬਨ ਨਵੀਨਤਾਕਾਰੀ ਮਜ਼ਬੂਤ ਹੋਵੇਗੀ, ਨਾਜ਼ੁਕ ਵਾਟਰਸ਼ੈੱਡਾਂ ਅਤੇ ਕੁਦਰਤੀ ਨਿਵਾਸ ਨੂੰ ਪੂਰਵ-ਅਵਸਥਾ ਪ੍ਰਾਪਤੀ ਅਤੇ ਸੁਰੱਖਿਆ ਮਿਲੇਗੀ ਅਤੇ ਜਲਵਾਯੂ ਪਰਿਵਰਤਨ ਨਾਲ ਨਜਿੱਠਣ ਦੇ ਨਾਲ ਨਾਲ ਇਸ ਦੇ ਪ੍ਰਭਾਵਾਂ ਲਈ ਤਿਆਰੀ ਕੀਤੀ ਜਾ ਸਕੇਗੀ।

ਬਜਟ 2021 ਵਿੱਚ ਸ਼ਾਮਲ ਕੀਤੀ ਗਈ ਮਾਲੀ ਮਦਦ ਨਾਲ ਕਲੀਨ ਬੀ ਸੀ ਲਈ ਨਿਰਧਤਾਰਤ ਕੁੱਲ ਮਾਲੀ ਮਦਦ, ਜਿਸ ਵਿੱਚ ਸਟਰੌਂਗਰ ਬੀ ਸੀ ਵੀ ਸ਼ਾਮਲ ਹੈ, 2020/21 ਤੋਂ ਲੈ ਕੇ ਤਕਰੀਬਨ $2.2 ਬਿਲੀਅਨ ਤੱਕ ਪਹੁੰਚ ਗਈ ਹੈ।

### ਸ਼ੁੱਧ ਆਵਾਜਾਈ

ਵਧੇਰੇ ਸ਼ੁੱਧ ਵਾਹਨਾਂ ਵੱਲ ਪਰਿਵਰਤਨ ਵਿੱਚ ਨਿਰੰਤਰ ਨਿਵੇਸ਼, ਜਿਸ ਲਈ ਜ਼ੀਰੋ-ਉਤਸਰਜਨ ਵਾਹਨਾਂ, ਇਲੈਕਟ੍ਰਿਕ ਚਾਰਜਿੰਗ ਸਟੇਸ਼ਨਾਂ, ਤਕਨਾਲੋਜੀ ਵਿਕਾਸ ਅਤੇ ਸਕੂਲ ਬਸਾਂ, ਫ਼ੈਰੀਆਂ ਅਤੇ ਸਰਕਾਰੀ ਫ਼ਲੀਟਾਂ ਦੇ ਬਿਜਲੀਕਰਣ ਲਈ ਪ੍ਰੋਤਸਾਹਨ ਵਿੱਚ ਮਦਦ ਦੇਣ ਲਈ $130 ਮਿਲੀਅਨ ਰੱਖੇ ਗਏ ਹਨ, ਜਿਸ ਵਿੱਚ ਸ਼ਾਮਲ ਹੈ:

- $94 ਮਿਲੀਅਨ, ਗੋ ਇਲੈਕਟ੍ਰਿਕ ਪ੍ਰੋਗਰਾਮ ਦੇ ਤਹਿਤ, ਜਿਸ ਨਾਲ ਜ਼ੀਰੋ-ਉਤਸਰਜਨ ਵਾਹਨ, ਚਾਰਜਿੰਗ ਸਟੇਸ਼ਨ ਖ਼੍ਰੀਦਣ ਲਈ ਛੋਟਾਂ ਪ੍ਰਦਾਨ ਕੀਤੀਆਂ ਜਾਣਗੀਆਂ ਅਤੇ ਹੈਵੀ-ਡਿਊਟੀ ਵਾਹਨਾਂ ਦੇ ਵਪਾਰੀਕਰਣ ਵਿੱਚ ਸਹਾਇਤਾ ਦਿੱਤੀ ਜਾਵੇਗੀ।
- $18 ਮਿਲੀਅਨ, ਕਿਰਿਆਸ਼ੀਲ ਆਵਾਜਾਈ ਬੁਨਿਆਦੀ ਢਾਂਚੇ ਦੀ ਮਜ਼ਬੂਤੀ ਲਈ, ਜਿਵੇਂ ਕਿ ਬਾਈਕ ਲੇਨਾਂ, ਸਾਈਡ ਵਾਕ ਅਤੇ ਮਲਟੀ-ਯੂਜ਼ ਪਾਥਵੇਅ।
- ਇਲੈਕਟ੍ਰਿਕ ਬਾਈਕਾਂ 'ਤੇ ਪੀ ਐੱਸ ਟੀ ਦੀ ਛੋਟ ਜਿਸ ਨਾਲ ਬ੍ਰਿਟਿਸ਼ ਕੋਲੰਬੀਆ ਨਿਵਾਸੀਆਂ ਨੂੰ ਅੰਦਾਜ਼ਨ $7 ਮਿਲੀਅਨ ਦੀ ਸਾਲਾਨਾ ਬੱਚਤ ਹੋਵੇਗੀ।



- $10 ਮਿਲੀਅਨ, ਤਾਂ ਕਿ ਫ਼ਿਊਲ ਦੀ ਕਾਰਬਨ ਤੀਬਰਤਾ ਨੂੰ ਘਟਾਉਣ ਲਈ ਅਤੇ ਇੱਥੇ ਬੀ ਸੀ ਵਿੱਚ ਹਾਈਡ੍ਰੋਜਨ ਆਰਥਕਤਾ ਦੇ ਵਿਕਾਸ ਲਈ ਅੱਗੇ ਹੋਰ ਨੀਤੀ ਵਿਕਸਤ ਕੀਤੀ ਜਾ ਸਕੇ।

### ਬਿਹਤਰ ਇਮਾਰਤਾਂ, ਵਧੇਰੇ ਮਜ਼ਬੂਤ ਭਾਈਚਾਰੇ

ਬਜਟ 2021 ਰਾਹੀਂ ਇਮਾਰਤਾਂ ਵਿੱਚ ਊਰਜਾ-ਕੁਸ਼ਲਤਾ, ਬਿਹਤਰ ਸ਼ਹਿਰੀ ਯੋਜਨਾਬੰਦੀ ਅਤੇ ਦੂਰ-ਦੁਰਾਡੇ ਅਤੇ ਮੂਲਵਾਸੀ ਭਾਈਚਾਰਿਆਂ ਵਿੱਚ ਡੀਜ਼ਲ ਦੀ ਵਰਤੋਂ ਘਟਾਉਣ ਲਈ ਮਾਲੀ ਮਦਦ ਵਿੱਚ ਵਾਧਾ ਕਰ ਕੇ ਭਾਈਚਾਰਿਆਂ ਨੂੰ ਵਧੇਰੇ ਸ਼ੁੱਧ, ਵਧੇਰੇ ਮਜ਼ਬੂਤ ਬਣਾਉਣ ਵਿੱਚ ਸਹਾਇਤਾ ਦਿੱਤੀ ਜਾ ਰਹੀ ਹੈ।

### ਉਦਯੋਗਾਂ ਅਤੇ ਕਲੀਨਟੈੱਕ ਨਾਲ ਸਹਿਯੋਗ

- $96 ਮਿਲੀਅਨ, ਕਲੀਨ ਬੀ ਸੀ ਪ੍ਰੋਗਰਾਮ ਲਈ, ਤਾਂ ਕਿ ਉਦਯੋਗ ਉਤਸਰਜਨ ਘਟਾ ਸਕਣ, ਕਲੀਨ-ਟੈੱਕ ਖੇਤਰ ਦਾ ਦਾਇਰਾ ਹੋਰ ਵਧਾ ਸਕਣ, ਅਤੇ ਸ਼ੁੱਧ ਆਰਥਕਤਾ ਵਿੱਚ ਵਿਸ਼ਵ-ਵਿਆਪੀ ਮੁਕਾਬਲਾ-ਸਮਰੱਥਾ ਨੂੰ ਮਜ਼ਬੂਤ ਕਰਨ ਸਕਣ।
- $60 ਮਿਲੀਅਨ, ਤਾਂ ਕਿ ਫ਼ੈਡਰਲ ਸਰਕਾਰ ਨਾਲ ਭਾਈਵਾਲੀ ਦੇ ਅਵਸਰਾਂ ਦਾ ਦਾਇਰਾ ਵਧਾਉਣ ਲਈ ਸੈਂਟਰ ਫ਼ੌਰ ਇਨੋਵੇਸ਼ਨ ਐਂਡ ਕਲੀਨ ਐਨਰਜੀ ਨੂੰ ਸਹਾਇਤਾ ਦਿੱਤੀ ਜਾ ਸਕੇ ਅਤੇ ਕਲੀਨਟੈੱਕ ਨਿਵੇਸ਼ ਕੀਤੇ ਜਾ ਸਕਣ।
  - ਸੈਂਟਰ ਫ਼ੌਰ ਇਨੋਵੇਸ਼ਨ ਐਂਡ ਕਲੀਨ ਐਨਰਜੀ ਬੀ ਸੀ ਵਿੱਚ ਸ਼ੁੱਧ ਤਕਨਾਲੋਜੀ ਦੇ ਵਿਕਾਸ ਅਤੇ ਵਪਾਰੀਕਰਣ ਵਿੱਚ ਮਦਦ ਕਰੇਗਾ- ਜਿਸ ਨਾਲ ਵਧੀਆ ਨੌਕਰੀਆਂ ਉਤਪੰਨ ਹੋਣਗੀਆਂ ਅਤੇ ਅਲਪ-ਕਾਰਬਨ ਭਵਿੱਖ ਵੱਲ ਪਰਿਵਰਤਨ ਕਰਨ ਵਿੱਚ ਸਹਾਇਤਾ ਲਈ ਤਕਨਾਲੋਜੀ ਦੇ ਵਿਕਾਸ ਦੀ ਗਤੀ ਤੇਜ਼ ਹੋਵੇਗੀ।
- $4 ਮਿਲੀਅਨ, ਤਾਂ ਕਿ ਕਲਾਈਮੇਟ ਐਕਸ਼ਨ ਸੈਕਰੇਟ੍ਰੀਏਟ ਜਲਵਾਯੂ ਪ੍ਰਤੀ ਕਾਰਵਾਈ ਲਈ ਉਪਾਅ ਵਿਕਸਤ ਕਰਨ ਵਿੱਚ ਮਦਦ ਕਰ ਸਕੇ, ਜਿਸ ਨਾਲ ਸ਼ੁੱਧ, ਸਮਾਵੇਸ਼ੀ ਆਰਥਕ ਵਿਕਾਸ ਮਜ਼ਬੂਤ ਹੋਵੇਗਾ।

### ਜਲਵਾਯੂ ਅਨੁਕੂਲਤਾ ਅਤੇ ਤਿਆਰੀ

ਸੂਬਾ ਸਰਕਾਰ ਜਲਵਾਯੂ ਸਬੰਧੀ ਤਿਆਰੀ ਅਤੇ ਅਨੁਕੂਲਤਾ ਨੂੰ ਮਜ਼ਬੂਤ ਕਰਨ ਲਈ ਪ੍ਰਗਤੀਸ਼ੀਲ ਪਹਿਲਕਦਮੀਆਂ ਵਿੱਚ ਨਿਰੰਤਰ ਨਿਵੇਸ਼ ਕਰ ਰਹੀ ਹੈ, ਜਿਸ ਲਈ $6 ਮਿਲੀਅਨ ਰੱਖੇ ਗਏ ਹਨ, ਤਾਂ ਕਿ ਜਲਵਾਯੂ ਸਬੰਧੀ ਖ਼ਤਰਿਆਂ ਪ੍ਰਤੀ ਬਿਹਤਰ ਕਾਰਵਾਈ ਕਰਨ ਲਈ ਅਤੇ ਅੱਗੇ ਚੱਲ ਕੇ ਜਲਵਾਯੂ ਪਰਿਵਰਤਨ ਦੇ ਪ੍ਰਭਾਵਾਂ ਨੂੰ ਘਟਾਉਣ ਲਈ ਬੀ ਸੀ ਦੀ ਜਲਵਾਯੂ ਤਤਪਰਤਾ ਅਤੇ ਅਨੁਕੂਲਤਾ ਰਣਨੀਤੀ ਦੇ ਪਹਿਲੇ ਪੜਾਅ ਵਿੱਚ ਸਹਾਇਤਾ ਦਿੱਤੀ ਜਾ ਸਕੇ।

# ਜੀਵਨ ਨੂੰ ਵਧੇਰੇ ਖ਼ਰੀਦ-ਪਹੁੰਚ ਯੋਗ ਬਣਾਉਣ ਲਈ ਸਹਾਇਤਾ

## ਲੋਕਾਂ ਦੇ ਜੀਵਨ ਨੂੰ ਵਧੇਰੇ ਖ਼ਰੀਦ-ਪਹੁੰਚ ਯੋਗ ਬਣਾਉਣਾ ਸਰਕਾਰ ਦੀ ਇੱਕ ਕੇਂਦਰੀ ਪ੍ਰਤੀਬੱਧਤਾ ਹੈ

ਬਜਟ 2021 ਵਿੱਚ ਦਿੱਤੇ ਗਏ ਅਤੇ ਉਸ ਦੇ ਨਾਲ ਨਾਲ, ਪਿਛਲੇ ਚਾਰ ਸਾਲਾਂ ਦੌਰਾਨ ਲਾਗੂ ਕੀਤੇ ਗਏ ਹੋਰ ਉਪਾਵਾਂ ਦੇ ਨਤੀਜੇ ਵੱਜੋਂ ਬਹੁਤ ਸਾਰੇ ਪਰਿਵਾਰਾਂ ਅਤੇ ਵਿਅਕਤੀਆਂ ਨੂੰ ਨਿਰੰਤਰ ਬੱਚਤਾਂ ਹੋ ਰਹੀਆਂ ਹਨ।

| ਨਿਰੰਤਰ ਸੰਭਵ ਬੱਚਤਾਂ | **ਵੈਨਕੂਵਰ ਵਿੱਚ ਚਾਰ ਜਣਿਆਂ ਦਾ ਪਰਿਵਾਰ ਜੋ $100,000 ਕਮਾਉਂਦਾ ਹੈ**<br>ਬੱਚਾ 1 (ਉਮਰ 12)<br>ਬੱਚਾ 2 (ਉਮਰ 5 ਡੇਕੇਅਰ ਵਿੱਚ) | **ਵੈਨਕੂਵਰ ਵਿੱਚ ਚਾਰ ਜਣਿਆਂ ਦਾ ਪਰਿਵਾਰ ਜੋ $80,000 ਕਮਾਉਂਦਾ ਹੈ**<br>ਬੱਚਾ 1 (ਉਮਰ 12)<br>ਬੱਚਾ 2 (ਉਮਰ 5 ਡੇਅ ਕੇਅਰ ਵਿੱਚ) | **ਵੈਨਕੂਵਰ ਵਿੱਚ ਇਕੱਲੀ ਮਾਂ ਜਾਂ ਪਿਤਾ ਜੋ $60,000 ਕਮਾਉਂਦਾ ਹੈ**<br>ਜਿਸ ਦਾ ਇੱਕ ਬੱਚਾ ਹੈ (ਉਮਰ 5 ਡੇਅ ਕੇਅਰ ਵਿੱਚ) | **ਵੈਨਕੂਵਰ ਵਿੱਚ ਇਕੱਲਾ ਵਿਅਕਤੀ ਜੋ $30,000 ਕਮਾਉਂਦਾ ਹੈ** |
|---|---|---|---|---|
| ਵਿਦਿਆਰਥੀਆਂ ਲਈ ਨਵੀਂ ਬੀ ਸੀ ਐਕਸੈੱਸ ਗ੍ਰਾਂਟ | 1,333 | 2,667 | - | 4,000 |
| ਐੱਮ ਐੱਸ ਪੀ ਨੂੰ ਖ਼ਤਮ ਕਰਨਾ | 1,800 | 1,800 | 1,800 | 900 |
| ਵਿਦਿਅਰਥੀਆਂ ਦੇ ਕਰਜ਼ੇ ‘ਤੇ ਵਿਆਜ ਮਾਫ਼ੀ | 230 | 230 | 230 | 230 |
| ਖ਼ਰੀਦ-ਪਹੁੰਚ ਯੋਗ ਬਾਲ-ਸੰਭਾਲ ਬੈਨੀਫ਼ਿਟ | 2,316 | 4,800 | 4,800 | - |
| ਬਾਲ-ਸੰਭਾਲ ਫ਼ੀ ਰਿਡਕਸ਼ਨ ਇਨੀਸ਼ਿਏਟਿਵ | 1,440 | 1,440 | 1,440 | - |
| ਪੋਰਟ ਮਾਨ ਅਤੇ ਗੋਲਡਨ ਈਅਰਜ਼ ਟੋਲ ਨੂੰ ਖ਼ਤਮ ਕਰਨਾ | 1,500 | 1,500 | 1,500 | 1,500 |
| **ਬੀ ਸੀ ਚਾਈਲਡ ਅਪਰਚਿਊਨਿਟੀ ਬੈਨੀਫ਼ਿਟ** | 598 | 1,380 | 700 | - |
| **ਆਈ ਸੀ ਬੀ ਸੀ ਵਿੱਚ ਤਬਦੀਲੀਆਂ** | 400 | 400 | 400 | 400 |
| **ਬੱਚਿਆਂ ਲਈ ਮੁਫ਼ਤ ਟ੍ਰਾਂਜ਼ਿਟ** | 1,344 | 1,344 | 672 | - |

### ਅਧਿਕਤਰ ਸੰਭਵ ਬੱਚਤਾਂ

| ਇੱਕੋ ਵਾਰ ਦੀਆਂ ਛੋਟਾਂ |
|---|
| ਇੱਕ ਜ਼ੀਰੋ-ਉਤਸਰਜਨ ਵਾਹਨ ‘ਤੇ $3,000 ਤੱਕ ਬਚਾਉ |
| ਇੱਕ ਹੀਟ ਪੰਪ ‘ਤੇ $3,000 ਤੱਕ ਬਚਾਉ |
| ਈ-ਬਾਈਕਾਂ ‘ਤੇ ਪੀ ਐੱਸ ਟੀ ਦੀ ਛੋਟ ਨਾਲ ਤੁਸੀਂ ਔਸਤਨ $280 ਬਚਾ ਸਕਦੇ ਹੋ। |

**FOR MORE INFORMATION**

*Budget 2021 Details:* www.bcbudget.ca
*Ministry of Finance:* www.gov.bc.ca/fin

*This document was printed on environmentally conscious Elemental Chlorine free paper, contains recycled fibre and is 100% recyclable. Production of this document included best practices for conservation. Please Reduce, Reuse and Recycle.*